ੴ ਸਤਿਗੁਰ ਪ੍ਰਸਾਦਿ ॥

# ਤੀਸਰਾ ਘੱਲੂਘਾਰਾ (ਵਿਪਤਿ ਕਾਲ)

## (ਸਾਕਾ (ਦੁਖਾਂਤ) ਦਰਬਾਰ ਸਾਹਿਬ—1984)

## ਮੂਲ ਰੂਪ ਵਿੱਚ

## ਸਿੱਖ ਮਿਸ਼ਨਰੀ ਕਾਲਜ (ਰਜਿ:)

## ਲੁਧਿਆਣਾ ਦੁਆਰਾ ਪ੍ਰਕਾਸ਼ਿਤ ਪੁਸਤਕ

ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਵ ਚੈਰਿਟੇਬਲ ਟਰਸਟ, ਚੰਡੀਗੜ੍ਹ

ਲਾਂਚ ਕਰਤਾ : ਜਸਬੀਰ ਸਿੰਘ

Mob. : 099881-60484, 62390-45985

Type Setting : Radheshyam Choudhary

Mob. : 098149- 66882

Download Free

# ਤੀਸਰਾ ਘੱਲੂਘਾਰਾ (ਵਿਪਤਿ ਕਾਲ)

## (ਸਾਕਾ (ਦੁਖਾਂਤ) ਦਰਬਾਰ ਸਾਹਿਬ—1984)

ਲੇਖਕ — ਹਰਜੀਤ ਸਿੰਘ, ਜਲੰਧਰ

ਜਦੋਂ ਤੋਂ ਹੀ ਸਿੱਖ ਕੌਮ ਹੋਂਦ ਵਿਚ ਆਈ ਹੈ ਉਸ ਸਮੇਂ ਤੋਂ ਹੀ ਇਹ ਜ਼ੁਲਮ ਅਤੇ ਜ਼ਾਲਮ ਦੇ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰਦੀ ਰਹੀ ਹੈ ਤੇ ਇਸ ਜ਼ੁਲਮ ਤੇ ਜ਼ਾਲਮ ਦੇ ਮੂੰਹ ਨੂੰ ਬੰਦ ਕਰਨ ਲਈ ਇਹ ਹਮੇਸ਼ਾ ਹੀ ਸੰਘਰਸ਼ਸ਼ੀਲ ਰਹੀ ਹੈ। ਜੇਕਰ ਸੰਸਾਰ ਦੀਆਂ ਸਾਰੀਆਂ ਕੌਮਾਂ ਦੇ ਇਤਿਹਾਸ ਨੂੰ ਨਿਰਪੱਖ ਹੋ ਕੇ ਘੋਖੀਏ ਤਾਂ ਇਹ ਗੱਲ ਸਹਿਜੇ ਹੀ ਉਜਾਗਰ ਹੋ ਜਾਂਦੀ ਹੈ ਕਿ ਸਿੱਖ ਕੌਮ, ਦੁਨੀਆਂ ਦੀ ਇਕੋ ਇਕ ਅਜਿਹੀ ਕੌਮ ਹੈ, ਜਿਸਦਾ ਸਾਰਾ ਇਤਿਹਾਸ ਹੀ ਸ਼ਹੀਦਾਂ ਦੇ ਖ਼ੂਨ ਨਾਲ ਲਿਖਿਆ ਗਿਆ ਹੈ। ਸੰਨ 1984 ਜੂਨ ਮਹੀਨੇ ਦਾ ਪਹਿਲਾ ਹਫ਼ਤਾ ਵੀ ਕੌਮੀ ਪਰਵਾਨਿਆਂ ਵਲੋਂ ਆਪਣੇ ਸਵੈਮਾਣ ਤੇ ਸਵੈ-ਭਰੋਸੇ ਨੂੰ ਕਾਇਮ ਰੱਖਣ ਲਈ ਅੰਮ੍ਰਿਤਸਰ ਦੀ ਪਾਵਨ ਧਰਤੀ ਤੇ ਹਰਿਮੰਦਰ ਸਾਹਿਬ ਦੇ ਪਵਿੱਤਰ ਅਸਥਾਨ ਤੇ ਡੋਲ੍ਹਿਆ ਖ਼ੂਨ ਅੱਜ ਵੀ ਕੌਮ ਦੇ ਸੁਨਹਿਰੀ ਵਿਰਸੇ ਦੀ ਹਾਮੀ ਭਰਦਾ ਹੈ। ਭਾਰਤੀ ਫ਼ੌਜਾਂ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ੍ਰੀ ਦਰਬਾਰ ਸਾਹਿਬ ਉੱਤੇ ਕੀਤੇ ਹਮਲੇ ਦਾ ਆਪਣੀਆਂ ਜਾਨਾਂ ਵਾਰ ਕੇ ਵੀ ਮੂੰਹ ਤੋੜ ਉੱਤਰ ਦੇਣਾ ਇਹ ਸਾਬਤ ਕਰਦਾ ਹੈ ਕਿ ਸਿੱਖ ਆਪਣੇ ਉੱਤੇ ਜ਼ੁਲਮ ਤਾਂ ਸਹਿ ਸਕਦਾ ਹੈ ਪਰ ਆਪਣੇ ਗੁਰੂ ਅਤੇ ਗੁਰ-ਅਸਥਾਨਾਂ ਉਤੇ ਹੋਈ ਵਧੀਕੀ ਕਦੇ ਵੀ ਬਰਦਾਸ਼ਤ ਨਹੀਂ ਕਰ ਸਕਦਾ।

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਭਾਰਤੀ ਫ਼ੌਜਾਂ ਵਲੋਂ ਕੀਤਾ ਹਮਲਾ ਸਿੱਖ ਇਤਿਹਾਸ ਵਿਚ ਕਦੇ ਵੀ ਨਾ ਭੁੱਲਣ ਵਾਲੀ ਘਟਨਾ ਹੈ। ਇਸ ਨੇ ਨਾ ਕੇਵਲ ਸਾਰੇ ਸਿੱਖ ਜਗਤ ਨੂੰ ਹੀ ਝੰਜੋੜ ਕੇ ਰੱਖ ਦਿੱਤਾ ਸਗੋਂ ਸੰਸਾਰ ਭਰ ਵਿਚ ਬੈਠੇ ਹਰੇਕ ਇਨਸਾਫ਼-ਪ੍ਰਸਤ ਵਿਅਕਤੀ ਦੀ ਆਤਮਾ ਨੂੰ ਵੀ ਟੁੰਬਿਆ। ਜੋ ਜ਼ੁਲਮ ਅਤੇ ਅੱਤਿਆਚਾਰ ਭਾਰਤ-ਸਰਕਾਰ ਦੇ ਆਦੇਸ਼ 'ਤੇ ਭਾਰਤੀ ਫ਼ੌਜ ਅਤੇ ਨੀਮ ਫ਼ੌਜੀ ਬਲਾਂ ਵਲੋਂ ਢਾਹੇ ਗਏ, ਉਹਨਾਂ ਨੇ ਤਾਂ ਬਾਬਰ ਦੇ ਜਬਰ, ਅਬਦਾਲੀ ਦੇ ਜ਼ੁਲਮਾਂ ਅਤੇ ਬੀ. ਟੀ. ਦੀਆਂ ਡਾਂਗਾਂ ਦੇ ਕਹਿਰ ਨੂੰ ਵੀ ਮਾਤ ਪਾ ਦਿੱਤਾ ਸੀ। 1919 ਵਿਚ ਜਲ੍ਹਿਆਂ ਵਾਲੇ ਬਾਗ਼ ਵਿਚ ਜਨਰਲ ਡਾਇਰ ਵਲੋਂ ਕੇਵਲ 10 ਸੈਕਿੰਡ ਦੀ ਕੀਤੀ ਫਾਇਰਿੰਗ ਨੇ ਤਾਂ ਉਸ ਸਮੇਂ ਵਿਦੇਸ਼ੀ ਅੰਗਰੇਜ਼ੀ ਸਰਕਾਰ ਦੀ ਆਤਮਾ ਨੂੰ ਤਾਂ ਹਿਲਾ ਦਿੱਤਾ ਸੀ ਪਰ ਸ੍ਰੀ ਹਰਿਮੰਦਰ ਸਾਹਿਬ ਉਤੇ ਇਕ ਹਫਤੇ ਭਰ ਦੀ ਗੋਲਾਬਾਰੀ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਬੇਹੁਰਮਤੀ ਤੇ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ, ਬੀਬੀਆਂ ਅਤੇ ਬੱਚਿਆਂ ਦਾ ਡੁਲ੍ਹਿਆ ਖ਼ੂਨ ਦੇਖ ਕੇ ਵੀ ਆਜ਼ਾਦ ਭਾਰਤ ਦੀ ਆਜ਼ਾਦ ਸਰਕਾਰ ਟੱਸ ਤੋਂ ਮੱਸ ਨਾ ਹੋਈ। ਰਾਜੇ ਕਸਾਈ ਦਾ ਰੂਪ ਬਣ ਕੇ ਆਪਣੀਆਂ ਫ਼ੌਜਾਂ ਦੀ ਪਾਪ ਦੀ ਜੰਞ ਚੜ੍ਹਾ ਕੇ ਭੋਲੇ ਭਾਲੇ ਸਿੱਖ ਸ਼ਰਧਾਲੂਆਂ ਦੀ ਰੱਤ ਦਾ ਕੁੰਗੂ ਪਾ ਕੇ ਵੀ ਇਹ ਅੰਨ੍ਹੀ ਬੋਲੀ ਬਹੁਗਿਣਤੀ ਦੀ ਸਰਕਾਰ ਖ਼ੂਨ ਦੇ ਸੋਹਿਲੇ ਹੀ ਗਾਉਂਦੀ ਰਹੀ।

4 ਜੂਨ 1984 ਤੋਂ ਅਰੰਭ ਕੀਤਾ ਸਿੱਖਾਂ ਦਾ ਇਹ ਕਤਲੇਆਮ 6 ਜੂਨ 1984 ਦੁਪਹਿਰ ਤੱਕ ਚਲਦਾ ਰਿਹਾ।

ਜਾਇਦਾਦਾਂ ਦਾ ਭਾਰੀ ਨੁਕਸਾਨ ਹੋਇਆ। ਪਾਣੀ ਵਾਲੀ ਵੱਡੀ ਟੈਂਕੀ ਤਾਂ 4 ਜੂਨ ਦੁਪਹਿਰ ਤੱਕ ਹੀ ਗੋਲੇ ਮਾਰ ਕੇ ਤੋੜ ਦਿੱਤੀ ਗਈ ਸੀ। 5 ਜੂਨ ਵੀ ਸਾਰਾ ਦਿਨ ਗੋਲਾਬਾਰੀ ਹੁੰਦੀ ਰਹੀ। 5 ਜੂਨ ਰਾਤ ਨੂੰ ਫ਼ੌਜੀਆਂ ਨੇ ਤਿੰਨ ਪਾਸਿਆਂ ਤੋਂ ਹਮਲਾ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਕਬਜ਼ਾ ਕਰਨਾ ਸੀ। ਇਸ ਮਕਸਦ ਦੀ ਪੂਰਤੀ ਲਈ ਕੰਪਲੈਕਸ ਨੇੜੇ ਟੈਂਕ ਤਾਇਨਾਤ ਕਰ ਦਿੱਤੇ ਗਏ। ਇਸ ਹਮਲੇ ਵਿਚ ਇਕ ਅੰਦਾਜ਼ੇ ਮੁਤਾਬਿਕ 15000 ਫ਼ੌਜੀ ਜਵਾਨ ਸ਼ਾਮਿਲ ਕੀਤੇ ਗਏ ਸਨ ਜਦਕਿ ਜੁਝਾਰੂਆਂ ਦੀ ਗਿਣਤੀ 150 ਸੀ। ਭਾਰਤੀ ਫ਼ੌਜ ਪਰਕਰਮਾ ਵਿਚ ਟੈਂਕਾਂ ਸਮੇਤ ਨਵੀਨ ਹਥਿਆਰਾਂ ਨਾਲ ਲੈਸ ਹੋ ਕੇ ਦਰਬਾਰ ਸਾਹਿਬ ਸਮੂਹ ਅੰਦਰ ਦਾਖ਼ਲ ਹੋ ਗਈ ਸੀ। ਸਮੁੰਦਰੀ ਫ਼ੌਜ ਦੇ ਗੋਤਾਖ਼ੋਰ ਵੀ ਸਰੋਵਰ ਵਿਚ ਉਤਾਰੇ ਗਏ ਸਨ ਜੋ ਸਾਰੇ ਦੇ ਸਾਰੇ ਹੀ ਖਾੜਕੂ ਸਿੰਘਾਂ ਦੀਆਂ ਗੋਲੀਆਂ ਦਾ ਨਿਸ਼ਾਨਾ ਬਣ ਗਏ। ਸਿਰਫ਼ ਦੋ ਘੰਟਿਆਂ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕਬਜ਼ਾ ਕਰਨ ਦੀਆਂ ਟਾਰ੍ਹਾਂ ਮਾਰਨ ਵਾਲੇ ਕਮਾਂਡੋ ਦੋ ਘੰਟਿਆਂ ਵਿਚ ਤਾਂ ਪਰਕਰਮਾ ਵਿਚ ਵੀ ਆਪਣਾ ਪੈਰ ਨਾ ਰੱਖ ਸਕੇ ਤੇ ਅੱਗੇ ਵਧਣ ਦੀ ਕੋਸ਼ਿਸ਼ ਕਰਨ ਵਾਲਿਆਂ ਕਮਾਂਡੋ ਦਸਤਿਆਂ ਲਈ ਮੁੱਖ ਦੁਆਰ ਦੀਆਂ ਪੌੜੀਆਂ ਮੌਤ ਦਾ ਮੂੰਹ ਬਣ ਗਈਆਂ। ਫ਼ੌਜੀ ਜਰਨੈਲਾਂ ਦੇ ਸੁਪਨੇ ਚਕਨਾਚੂਰ ਹੋ ਗਏ। 5 ਜੂਨ ਦੀ ਅੱਧੀ ਰਾਤ ਦੇ ਮਗਰੋਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸਿੱਧਾ ਹਮਲਾ ਕਰਨ ਲਈ 6-7 ਟੈਂਕ ਸਰਾਂ ਵਾਲੇ ਪਾਸਿਉਂ ਵਿਚਕਾਰਲੀ ਸੜਕ 'ਤੇ ਆ ਗਏ। ਪਹਿਲਾ ਟੈਂਕ ਪਰਕਰਮਾ ਵਿਚ ਧੱਸ ਗਿਆ ਤੇ ਫਿਰ ਦੂਜਾ ਟੈਂਕ ਲੈ ਆਂਦਾ ਗਿਆ। ਟੈਂਕਾਂ ਨੇ ਦਰਸ਼ਨੀ ਡਿਉਢੀ 'ਤੇ ਸਿੱਧੇ ਗੋਲੇ ਵਰਸਾਉਣੇ ਸ਼ੁਰੂ ਕਰ ਦਿੱਤੇ ਤੇ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਕੁਝ ਘੰਟਿਆਂ ਵਿਚ ਹੀ ਖੰਡਰ ਬਣਾ ਦਿੱਤੀ ਗਈ। ਅੰਦਰਲੇ ਸੂਰਮੇ ਹੌਲੀ-ਹੌਲੀ ਸ਼ਹੀਦ ਹੁੰਦੇ ਜਾ ਰਹੇ ਸਨ। 6 ਜੂਨ 1984 ਦੁਪਹਿਰ 11 ਵਜੇ ਤੱਕ ਮੁਕੰਮਲ ਦਰਬਾਰ ਸਾਹਿਬ ਕੰਪਲੈਕਸ ਹੁਣ ਫ਼ੌਜ ਦੇ ਕਬਜ਼ੇ ਵਿਚ ਆ ਚੁੱਕਾ ਸੀ। ਜਿਸ ਪਰਮ ਪਵਿੱਤਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਦੀਆਂ ਤੋਂ ਦਿਨ ਰਾਤ ਪ੍ਰਭੂ ਦੀ ਕੀਰਤੀ ਕੀਤੀ ਜਾਂਦੀ ਸੀ ਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਜਾਂਦੀ ਸੀ ਉਸ ਨੂੰ ਆਪਣੀ ਹੀ ਸਰਕਾਰ ਦੇ ਕਰਿੰਦਿਆਂ ਨੇ ਗੋਲੀਆਂ ਦਾ ਨਿਸ਼ਾਨਾ ਬਣਾਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵਿਚ ਗੋਲੀਆਂ ਵੱਜੀਆਂ। ਆਪਣੇ ਫ਼ਰਜ਼ ਨੂੰ ਜਾਣਦੇ ਹੋਏ ਤੇ ਗੁਰ- ਦਰਬਾਰ ਦੀ ਮਰਯਾਦਾ ਨੂੰ ਪਾਲਦੇ ਹੋਏ ਭਾਈ ਅਵਤਾਰ ਸਿੰਘ ਰਾਗੀ ਆਪਣੀ ਜਾਨ ਕੁਰਬਾਨ ਕਰਕੇ ਗੁਰੂ ਦੇ ਦਰ 'ਤੇ ਸੁਰਖਰੂ ਹੋ ਗਏ। ਬਾਅਦ ਵਿਚ ਦੋ ਹੋਰ ਰਾਗੀ ਸਿੰਘ ਭਾਈ ਅਮਰੀਕ ਸਿੰਘ ਤੇ ਭਾਈ ਬਲਵੰਤ ਸਿੰਘ ਵੀ ਸ੍ਰੀ ਹਰਿਮੰਦਰ ਸਾਹਿਬ ਤੋਂ ਬਾਹਰ ਨਿਕਲ ਕੇ ਦਰਸ਼ਨੀ ਡਿਉਢੀ ਦੇ ਸਾਹਮਣੇ ਪਰਕਰਮਾ ਵਿਚ ਦਾਖ਼ਲ ਹੋਏ ਤਾਂ ਉਹ ਵੀ ਫ਼ੌਜੀਆਂ ਦੀਆਂ ਗੋਲੀਆਂ ਨਾਲ ਸ਼ਹੀਦੀ ਜਾਮ ਪੀ ਗਏ। ਭਾਈ ਅਮਰੀਕ ਸਿੰਘ, ਸ: ਸੁਬੇਗ ਸਿੰਘ ਅਤੇ ਸੰਤ ਜਰਨੈਲ ਸਿੰਘ ਜੀ ਵੀ ਸ਼ਹੀਦੀ ਪਾ ਚੁੱਕੇ ਸਨ। ਗੁਰੂ ਰਾਮਦਾਸ ਸਰਾਂ, ਤੇਜਾ ਸਿੰਘ ਸਮੁੰਦਰੀ ਹਾਲ, ਗੁਰੂ ਨਾਨਕ ਨਿਵਾਸ ਤੇ ਇਸ ਦੇ ਨਾਲ ਲਗਦੀਆਂ ਇਮਾਰਤਾਂ ਸਾੜ ਦਿੱਤੀਆਂ ਗਈਆਂ ਸਨ। ਗੁਰੂ ਰਾਮਦਾਸ ਲਾਇਬ੍ਰੇਰੀ ਵਿਚ ਪਿਆ ਸਿੱਖ ਖ਼ਜ਼ਾਨਾ ਰਾਖ ਦਾ ਢੇਰ ਬਣ ਚੁੱਕਾ ਸੀ। ਸਿੱਖ ਰੈਂਫਰੈਂਸ ਲਾਇਬ੍ਰੇਰੀ ਵਿਚ ਅੰਮ੍ਰਿਤਸਰ ਦਾ ਅਤੇ ਸਿੱਖ ਪੰਥ ਦਾ 400 ਸਾਲ ਦਾ ਪੁਰਾਣਾ ਹੱਥ ਲਿਖਤ ਅਤੇ ਹੋਰ ਇਤਿਹਾਸਕ ਰਿਕਾਰਡ ਸੜ ਕੇ ਸੁਆਹ ਹੋ ਚੁੱਕਾ ਸੀ। ਇਸੇ ਅਸਥਾਨ 'ਤੇ ਹੀ ਪੰਜ ਸੌ ਤੋਂ ਵੱਧ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸੁਰੱਖਿਅਤ ਪਈਆਂ

ਬੀੜਾਂ ਨੂੰ ਵੀ ਅਗਨ ਭੇਟ ਕੀਤਾ ਜਾ ਚੁੱਕਾ ਸੀ। 6 ਜੂਨ ਸ਼ਾਮ ਦੇ ਅੱਠ ਵੱਜੇ ਤਾਂ 35-36 ਸਿੱਖ ਨੌਜੁਆਨਾਂ ਨੂੰ ਇਕ ਕਤਾਰ ਵਿਚ ਉੱਪਰ ਨੂੰ ਬਾਹਾਂ ਖੜ੍ਹੀਆਂ ਕਰਾ ਕੇ ਤੋਪ ਦੇ ਗੋਲੇ ਨਾਲ ਉਡਾ ਦਿੱਤਾ ਗਿਆ। 7 ਜੂਨ ਨੂੰ ਸੰਤ ਭਿੰਡਰਾਂਵਾਲਾ, ਭਾਈ ਅਮਰੀਕ ਸਿੰਘ ਤੇ ਜਨਰਲ ਸੁਬੇਗ ਸਿੰਘ ਦੀਆਂ ਲਾਸ਼ਾਂ ਨੂੰ ਪਰਕਰਮਾ ਵਿਚ ਰੱਖ ਕੇ ਪਰਦਰਸ਼ਨੀ ਕੀਤੀ ਜਾਂਦੀ ਰਹੀ। ਇਸ ਸਮੇਂ ਸ਼ਹਿਰ ਦੇ ਇਕ ਵਿਸ਼ੇਸ਼ ਫਿਰਕੇ ਨੂੰ ਅੰਦਰ ਲਿਆ ਕੇ ਇਹ ਲਾਸ਼ਾਂ ਵਿਖਾਈਆਂ ਗਈਆਂ ਜਿਸ 'ਤੇ ਉਸ ਫਿਰਕੇ ਨਾਲ ਸੰਬੰਧਤ ਲੋਕਾਂ ਨੇ ਬਰਫੀ, ਲੱਡੂ ਅਤੇ ਹੋਰ ਮਿਠਾਈ ਜੋ ਵੀ ਮਿਲੀ, ਆਮ ਲੋਕਾਂ ਤੇ ਫ਼ੌਜੀਆਂ ਵਿਚ ਵੰਡੀ ਅਤੇ ਸਿਗਰਟਾਂ ਤੇ ਸ਼ਰਾਬ ਦੀਆਂ ਬੋਤਲਾਂ ਫ਼ੌਜੀਆਂ ਵਿਚ ਤਕਸੀਮ ਕੀਤੀਆਂ ਗਈਆਂ।

7 ਜੂਨ 1984 ਨੂੰ ਸਾਰਾ ਕੰਪਲੈਕਸ ਲਾਸ਼ਾਂ ਨਾਲ ਭਰਿਆ ਹੋਇਆ ਸੀ। ਪਰਕਰਮਾ ਵਿਚ ਪੈਰ ਰੱਖਣ ਨੂੰ ਥਾਂ ਨਹੀਂ ਸੀ। ਮਾਰੇ ਗਏ ਮਨੁੱਖਾਂ, ਇਸਤਰੀਆਂ ਤੇ ਬੱਚਿਆਂ ਦਾ ਖ਼ੂਨ ਵਗ-ਵਗ ਕੇ ਸਰੋਵਰ ਵਿਚ ਪੈ ਜਾਣ ਨਾਲ ਸਰੋਵਰ ਦੇ ਜਲ ਦਾ ਰੰਗ ਲਾਲ ਸੂਹਾ ਹੋ ਚੁੱਕਾ ਸੀ। ਕਈ ਲਾਸ਼ਾਂ ਸਰੋਵਰ ਵਿਚ ਤਰ ਰਹੀਆਂ ਸਨ। ਲਾਸ਼ਾਂ ਚੁੱਕਣ ਲਈ ਅੰਮ੍ਰਿਤਸਰ ਦੇ ਮੁਲਾਜ਼ਮ ਤੇ ਗ਼ੈਰ-ਮੁਲਾਜ਼ਮ ਵਿਸ਼ੇਸ਼ ਦਿਹਾੜੀ ਦੇ ਕੇ ਲਗਾਏ ਹੋਏ ਸਨ ਜੋ ਇਹਨਾਂ ਨੂੰ ਟਰੱਕਾਂ ਵਿਚ ਲੱਦ ਕੇ ਬਾਹਰ ਲੈ ਜਾ ਰਹੇ ਸਨ। ਇਸ ਫ਼ੌਜੀ ਹਮਲੇ ਵਿਚ ਮਾਰੀਆਂ ਗਈਆਂ ਹਜ਼ਾਰਾਂ ਸੰਗਤਾਂ ਦੀਆਂ ਲਾਸ਼ਾਂ ਕਈ ਦਿਨ ਦਰਬਾਰ ਸਾਹਿਬ ਦੇ ਅੰਦਰ ਬਾਹਰ ਪਰਕਰਮਾ ਤੇ ਸਰੋਵਰ ਅੰਦਰ ਸੜਦੀਆਂ ਗਲਦੀਆਂ ਰਹੀਆਂ ਅਤੇ ਉਨ੍ਹਾਂ ਦੇ ਵਾਰਸਾਂ ਤੱਕ ਨੂੰ ਉਨ੍ਹਾਂ ਦੀ ਪਛਾਣ ਕਰਨ ਜਾਂ ਚੁੱਕ ਕੇ ਲੈ ਜਾਣ ਦੀ ਆਗਿਆ ਨਾ ਦਿੱਤੀ ਗਈ ਬਲਕਿ ਗੁਪਤ ਢੰਗ ਨਾਲ ਹੀ ਉਹਨਾਂ ਦੇ ਨਾਮ-ਨਿਸ਼ਾਨ ਮਿਟਾ ਦਿੱਤੇ ਗਏ। ਫ਼ੌਜੀਆਂ ਵਲੋਂ ਕੀਤੇ ਜ਼ੁਲਮਾਂ ਦੀ ਕਹਾਣੀ ਤੇ ਵਧੀਕੀਆਂ ਦੀਆਂ ਕੁਝ ਉਦਾਹਰਣਾਂ ਮੈਂ ਦੇਣੀਆਂ ਜ਼ਰੂਰੀ ਸਮਝਦਾ ਹਾਂ ਜੋ ਕਿ ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ ਜੋ ਉਸ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਨ, ਨੇ ਆਪਣੀ ਪੁਸਤਕ ਅੱਖੀਂ ਡਿੱਠਾ ਸਾਕਾ ਨੀਲਾ ਤਾਰਾ ਦੇ ਪੰਨਾ 22-23 ਤੇ ਦਿੱਤੀਆਂ ਹਨ। ਆਪ ਨੇ ਅੱਖੀਂ ਡਿੱਠੇ ਜ਼ੁਲਮ ਸਿਰਲੇਖ ਹੇਠ ਲਿਖਿਆ ਹੈ ਕਿ 4 ਜੂਨ ਤੋਂ ਬਾਅਦ ਪੀਣ ਨੂੰ ਪਾਣੀ ਨਹੀਂ ਸੀ ਮਿਲ ਰਿਹਾ ਜਿਸ ਸਦਕਾ ਪੰਜ ਨੰਬਰ ਹਾਲ ਵਿਚ ਪੈਂਤੀ ਆਦਮੀਆਂ ਵਿਚੋਂ 31 ਆਦਮੀ ਪਿਆਸ ਨਾਲ ਤੜਫ-ਤੜਫ ਕੇ ਮਰ ਗਏ। ਇਕ ਅਨੁਮਾਨ ਅਨੁਸਾਰ ਸਿਰਫ਼ ਸਰਾਂ ਵਿਚ ਹੀ ਅੱਠ ਸੌ ਤੋਂ ਵੱਧ ਲੋਕ ਮਾਰੇ ਗਏ ਸਨ।

ਪਾਣੀ ਦੀ ਟੈਂਕੀ ਤਬਾਹ ਹੋ ਚੁੱਕੀ ਸੀ। ਹੈਂਡ ਪੰਪ ਕੋਈ ਹੈ ਨਹੀਂ ਸੀ। ਸਰਾਂ ਵਿਚ ਇਕ ਥਾਂ ਪਾਣੀ, ਪੇਸ਼ਾਬ ਤੇ ਮੁਰਦਿਆਂ ਤੇ ਜ਼ਖਮੀਆਂ ਦਾ ਲਹੂ ਰਲਿਆ ਮਿਲਿਆ ਛਪੜੀ ਬਣਿਆ ਹੋਇਆ ਸੀ। ਇਸੇ ਨੂੰ ਹੀ ਸ਼ਰਧਾਲੂ ਸਵੇਰੇ 4 ਵਜੇ ਤੋਂ ਡੇਢ ਵਜੇ ਤੱਕ ਫ਼ੌਜੀਆਂ ਦੇ ਤਰਲੇ ਲੈ ਕੇ ਪੀਂਦੇ ਰਹੇ। ਇਕ 65 ਸਾਲਾਂ ਦਾ ਬਜ਼ੁਰਗ ਸਿੱਖ ਪਾਣੀ ਲਈ ਤੜਫ ਰਿਹਾ ਸੀ, ਉਸਨੇ ਇਕ ਫ਼ੌਜੀ ਨੂੰ ਕਿਹਾ, 'ਸਾਹਿਬ ਏਕ ਘੁੱਟ ਪਾਣੀ ਲੇ ਲੂੰ ?' ਅੱਗੋਂ ਉਹ ਫ਼ੌਜੀ ਬਹੁਤ ਬੁਰੀ ਤਰ੍ਹਾਂ ਬੋਲਿਆ 'ਪਾਣੀ ਨਹੀਂ ਮਿਲੇਗਾ। ਸਾਲਾ ਪਾਣੀ ਮਾਂਗਤਾ ਹੈ। ਪਹਿਲੇ ਕਹਿਤੇ ਥੇ ਹਰਿਆਣੇ ਕੋ ਪਾਣੀ ਨਹੀਂ ਦੇਂਗੇ, ਰਾਜਸਥਾਨ ਕੋ ਪਾਣੀ ਨਹੀਂ ਦੇਂਗੇ।...ਅਬ ਤੁਮ ਕੋ ਪੀਨੇ ਕੇ ਲੀਏ ਪਾਣੀ ਨਹੀਂ ਮਿਲੇਗਾ।'

ਇਸੇ ਤਰ੍ਹਾਂ ਜਦੋਂ ਨਛੱਤਰ ਸਿੰਘ ਭਲਵਾਨ ਗੰਭੀਰ ਰੂਪ ਵਿਚ ਜ਼ਖਮੀ ਹੋ ਕੇ ਆਖਰੀ ਸਾਹਾਂ ਉਤੇ ਸਨ ਤਾਂ ਇਕ ਬਜ਼ੁਰਗ ਮਾਂ ਉਹਨਾਂ ਦੇ ਮੂੰਹ ਵਿਚ ਪਾਣੀ ਪਾਉਣ ਲੱਗੀ ਤਾਂ ਇਕ ਫ਼ੌਜੀ ਨੇ ਮਾਤਾ ਨੂੰ ਬੱਟ ਮਾਰ ਕੇ ਕਿਹਾ, 'ਹਟ ਬੁੜੀਆ ਮਤ ਪਿਲਾ ਇਸ ਕੋ ਪਾਣੀ, ਮਰਨੇ ਦੇ ਸਾਲੇ ਕੋ।' ਇਕ ਸ਼ਹੀਦ ਹੋ ਚੁੱਕੀ ਨੌਜੁਆਨ ਔਰਤ ਦੀ ਛਾਤੀ 'ਤੇ ਉਸਦਾ ਡੇਢ ਕੁ ਸਾਲ ਦਾ ਜ਼ਖਮੀ ਬੱਚਾ ਪਿਆ ਸੀ। ਇਕ ਰਸਤਾ ਸਾਫ ਕਰਦੇ ਫ਼ੌਜੀ ਨੇ ਉਸ ਔਰਤ ਨੂੰ ਜਦ ਲੱਤ ਤੋਂ ਫੜ ਕੇ ਘਸੀਟਿਆ ਤਾਂ ਬੱਚਾ ਇਕ ਪਾਸੇ ਲੁੜਕ ਗਿਆ। ਇਕ ਹੋਰ ਫ਼ੌਜੀ ਨੇ ਉਸ ਬੱਚੇ ਨੂੰ ਲੱਤੋਂ ਫੜ ਕੇ ਇਉਂ ਵਗਾਹ ਕੇ ਲਾਸ਼ਾਂ ਦੇ ਢੇਰ ਉੱਪਰ ਮਾਰਿਆ ਜਿਵੇਂ ਬੱਚੇ ਮਰਿਆ ਚੂਹਾ ਬਾਹਰ ਸੁੱਟਦੇ ਹਨ।

ਗੱਲ ਕੀ, ਦਰਬਾਰ ਸਾਹਿਬ ਅੰਮ੍ਰਿਤਸਰ ਅੰਦਰ 4 ਜੂਨ ਤੋਂ 7 ਜੂਨ 1984 ਤੱਕ ਬੀਬੀਆਂ, ਬੱਚਿਆਂ, ਬੁੱਢਿਆਂ ਅਤੇ ਨੌਜੁਆਨ ਯਾਤਰੂਆਂ ਦਾ ਹੋਇਆ ਕਤਲੇਆਮ ਆਪਣੀ ਮਿਸਾਲ ਆਪ ਹੀ ਹੈ। ਕੁੱਲ ਕਿੰਨੀਆਂ ਸ਼ਹਾਦਤਾਂ ਇਥੇ ਹੋਈਆਂ ਇਸ ਦਾ ਪੂਰਾ ਰਿਕਾਰਡ ਅਜੇ ਤੱਕ ਪ੍ਰਾਪਤ ਨਹੀਂ ਹੋ ਸਕਿਆ। ਅਸਲ ਵਿਚ ਇਹ ਕਤਲੇਆਮ ਸਿੱਖਾਂ ਦੇ ਨਿਆਰੇਪਨ ਨੂੰ ਖ਼ਤਮ ਕਰਨ ਲਈ ਕੀਤਾ ਗਿਆ ਸੀ ਕਿਉਂਕਿ ਬਹੁਗਿਣਤੀ ਹਮੇਸ਼ਾ ਹੀ ਘੱਟ ਗਿਣਤੀ ਨੂੰ ਵਧਦਾ-ਫੁਲਦਾ ਨਹੀਂ ਦੇਖ ਸਕਦੀ। ਬਹੁਗਿਣਤੀ ਹਮੇਸ਼ਾ ਹੀ ਤਲਵਾਰ ਜਾਂ ਗੋਲੀ ਦੇ ਜ਼ੋਰ ਨਾਲ ਦੂਸਰਿਆਂ ਦੇ ਜੀਣ ਦਾ ਹੱਕ ਖੋਂਹਦੀ ਰਹੀ ਹੈ। ਸਿੱਖ ਸੁਭਾਅ ਐਸਾ ਹੈ ਕਿ ਜਦੋਂ ਵੀ ਕਿਸੇ ਨੇ ਇਹਨਾਂ ਦੀ ਅਣਖ ਨੂੰ ਵੰਗਾਰਿਆ ਹੈ ਤਾਂ ਸਿੱਖ ਕੌਮ ਨੇ ਇਸਦਾ ਮੂੰਹ ਤੋੜ ਉੱਤਰ ਦਿੱਤਾ ਹੈ। ਇਸ ਬਦਲੇ ਭਾਵੇਂ ਉਸਨੂੰ ਆਪਣਾ ਸਭ ਕੁਝ ਹੀ ਕੁਰਬਾਨ ਕਿਉਂ ਨਾ ਕਰਨਾ ਪਵੇ।

ਕਹਿੰਦੇ ਹਨ ਖ਼ੂਨ ਨੂੰ ਵਿਆਜ ਬਹੁਤ ਲੱਗਦਾ ਹੈ। ਸ਼ਹੀਦਾਂ ਦਾ ਡੁਲ੍ਹਿਆ ਖ਼ੂਨ ਅਜਾਈਂ ਨਹੀਂ ਜਾਂਦਾ ਪਰ ਦੁੱਖ ਦੀ ਗੱਲ ਹੈ ਕਿ ਵਰਤਮਾਨ ਸਮੇਂ ਵਿਚ ਸਿੱਖ ਕੌਮ ਦਾ ਨਿਘਾਰ ਅਸੀਂ ਅੱਖਾਂ ਨਾਲ ਦੇਖ ਰਹੇ ਹਾਂ। ਸਿੱਖ ਸਿਧਾਂਤ ਤੇ ਸਿੱਖੀ ਕਰਮ ਸਾਡੇ ਅੰਦਰੋਂ ਵਿਸਰ ਚੁੱਕਾ ਹੈ। 1984 ਵਿਚ ਵਾਪਰੇ ਦੋ ਘੱਲੂਘਾਰਿਆਂ ਨੇ ਸਾਨੂੰ ਹਲੂਣਿਆ ਸੀ ਕਿ ਅਸੀਂ ਆਪਾ ਸੰਭਾਲੀਏ। ਸਾਡੀ ਜਵਾਨੀ ਸ਼ਹੀਦ ਹੋਈ, ਸਾਡੀਆਂ ਜਾਇਦਾਦਾਂ ਤਬਾਹ ਹੋਈਆਂ, ਬੇਪਤੀ ਵੀ ਰੱਜ ਕੇ ਹੋਈ, ਸਾਡੇ ਜਾਨੀ ਤੇ ਮਾਲੀ ਨੁਕਸਾਨ ਦਾ ਤਾਂ ਕਹਿਣਾ ਹੀ ਕੀ, ਕੋਈ ਹਿਸਾਬ ਹੀ ਨਹੀਂ ਲਗਾਇਆ ਜਾ ਸਕਦਾ ਪਰ ਕਿਸੇ ਨੇ ਵੀ ਸਾਡੇ ਨਾਲ ਹਮਦਰਦੀ ਤੱਕ ਨਹੀਂ ਕੀਤੀ ਸਗੋਂ ਇਸ ਦਾ ਦੋਸ਼ ਵੀ ਸਾਡੇ 'ਤੇ ਹੀ ਮੜ੍ਹਿਆ ਗਿਆ। ਇਸ ਦਾ ਨਤੀਜਾ ਇਹ ਨਿਕਲਿਆ ਕਿ 1984 ਤੋਂ ਬਾਅਦ ਲਗਭਗ 10 ਸਾਲ ਹੋਰ ਸਿੱਖ ਜਵਾਨੀ ਦਾ ਕਤਲੇਆਮ ਜਾਰੀ ਰਿਹਾ। ਸਿੱਖ ਜਵਾਨੀ ਉਤੇ ਢਾਹੇ ਜ਼ੁਲਮਾਂ ਅਤੇ ਨਿਰਦੋਸ਼ ਸਿੱਖਾਂ ਨੌਜੁਆਨਾਂ ਦੇ ਸੁਰੱਖਿਆ ਫ਼ੌਜਾਂ ਵਲੋਂ ਕੀਤੇ ਘਾਣ ਨੇ ਸਿੱਖ ਜਵਾਨੀ ਨੂੰ ਧਰਮ ਤੋਂ ਦੂਰ ਕਰ ਦਿੱਤਾ। ਅੱਜ ਉਹਨਾਂ ਸ਼ਹੀਦਾਂ ਦਾ ਡੁਲ੍ਹਿਆ ਖ਼ੂਨ ਸਿੱਖ ਲੀਡਰਸ਼ਿਪ, ਸਿੱਖ ਜਵਾਨੀ ਤੇ ਸਿੱਖ ਬੀਬੀਆਂ ਪਾਸੋਂ ਜਵਾਬ ਮੰਗਦਾ ਹੈ।

ਇਹਨਾਂ ਘੱਲੂਘਾਰਿਆਂ ਤੋਂ ਬਾਅਦ ਸਿੱਖ ਲੀਡਰਸ਼ਿਪ ਨੇ ਕੌਮ ਨੂੰ ਕੋਈ ਸੇਧ ਨਾ ਦਿੱਤੀ ਸਗੋਂ ਆਪਸੀ ਧੜੇਬੰਦੀ ਤੇ ਝੂਠੀ ਰਾਜਨੀਤੀ ਦੀ ਖੇਡ ਰੱਜ ਕੇ ਖੇਡੀ। ਵੋਟਾਂ ਦੀ ਰਾਜਨੀਤੀ ਨੇ ਧਰਮ ਸਿਧਾਂਤਾਂ ਦਾ ਰੱਜ ਕੇ ਘਾਣ ਕੀਤਾ। ਅਖੌਤੀ ਲੀਡਰਸ਼ਿਪ ਬਿਪਰਵਾਦੀਆਂ ਦਾ ਹੱਥ ਠੋਕਾ ਬਣ ਕੇ ਪੰਥਕ ਸਿਧਾਂਤਾਂ ਦਾ ਘਾਣ ਕਰਕੇ ਪੰਥਕ

ਸੰਸਥਾਵਾਂ ਦੀ ਹੋਂਦ ਲਈ ਹੀ ਖ਼ਤਰਾ ਬਣੀ ਬੈਠੀ ਹੈ ਅਤੇ ਸਿੱਖ- ਵਿਰੋਧੀ ਸੋਚ ਨਾਲ ਭਾਈਵਾਲੀ ਪਾ ਕੇ ਆਪਣੇ ਵਿਰੋਧੀਆਂ ਨੂੰ ਸਿੱਖ ਸਮਾਜ ਅੰਦਰ ਘੁਸਪੈਠ ਕਰਾਉਣ ਦਾ ਰਸਤਾ ਸਾਫ਼ ਕਰ ਰਹੀ ਹੈ। ਇਹ ਲੀਡਰਸ਼ਿਪ ਚਾਹੇ ਧਾਰਮਿਕ ਹੈ ਜਾਂ ਰਾਜਸੀ, ਇਹਨਾਂ ਦੀ ਸੋਚ ਗੁਰੂ ਨਾਲ ਜੁੜਨ ਦੀ ਬਜਾਏ ਮਨਮੁਖਾਂ ਨਾਲ ਜੁੜ ਚੁੱਕੀ ਹੈ। ਇਹਨਾਂ ਦੀ ਪੂਰੀ ਸਿਆਸਤ ਜਾਂ ਧਰਮ, ਬਿਪਰਵਾਦ ਅਤੇ ਜਾਤੀਵਾਦ ਦੇ ਧੁਰੇ ਦੁਆਲੇ ਘੁੰਮਦੀ ਨਜ਼ਰ ਆਉਂਦੀ ਹੈ। ਗੁਰਬਾਣੀ ਵਿਚ ਦੀਆਂ ਅਟੱਲ ਸੱਚਾਈਆਂ, ਇਕ ਅਕਾਲਪੁਰਖ ਦੀ ਅਰਾਧਨਾ, ਸਰਬੱਤ ਦੇ ਭਲੇ, ਸਰਬੱਤ ਦੀ ਆਜ਼ਾਦੀ ਦਾ ਸੰਦੇਸ਼ ਅੱਜ ਇਹਨਾਂ ਰਾਜਸੀ ਅਤੇ ਧਾਰਮਿਕ ਆਗੂਆਂ ਤੋਂ ਦੂਰ ਜਾ ਚੁੱਕਾ ਹੈ। ਪੂਜਾ ਅਕਾਲ ਦੀ, ਪਰਚਾ ਸ਼ਬਦ ਦਾ, ਦੀਦਾਰ ਖ਼ਾਲਸੇ ਦਾ ਸਿਧਾਂਤ ਗੁਰੂ ਸਾਹਿਬਾਨ ਨੇ ਸਾਡੀ ਝੋਲੀ ਵਿਚ ਪਾਇਆ ਸੀ ਪਰ ਆਪਣੇ ਗੁਰੂ ਸਾਹਿਬਾਨ ਅਤੇ ਗੁਰੂ ਪਿਆਰ ਵਿਚ ਰੰਗੇ ਗੁਰਸਿੱਖਾਂ ਨੂੰ ਆਪਣਾ ਮਾਡਲ ਮਿਥਣ ਦੀ ਬਜਾਏ ਅੱਜ ਦੀ ਲੀਡਰਸ਼ਿਪ ਅਨਮਤੀ ਧਾਰਮਿਕ ਪੁਸਤਕਾਂ ਦੇ ਪਾਠ ਰਖਵਾਉਣ, ਯੱਗ ਕਰਵਾਉਣ, ਪੱਥਰ ਦੀਆਂ ਮੂਰਤੀਆਂ ਦੇ ਅੱਗੇ ਨੱਕ ਰਗੜਣ ਅਤੇ ਫਿਰ ਮੰਦਰਾਂ ਵਿਚ ਜਾ ਕੇ ਮਹਾਂਮਾਈ ਦੀਆਂ ਜੋਤਾਂ ਜਗਾਉਣ ਨੂੰ ਹੀ ਸਿੱਖੀ ਸਮਝੀ ਬੈਠੀ ਹੈ। ਗੁਰੂ ਪੰਥ ਅਤੇ ਸਿੱਖ ਸੰਸਥਾਵਾਂ ਜੋ ਧਰਮ ਪ੍ਰਚਾਰ ਵਿਚ ਪੂਰੀ ਤਨਦੇਹੀ ਨਾਲ ਨਿਸ਼ਕਾਮ ਸੇਵਾ ਕਰ ਰਹੀਆਂ ਹਨ, ਨੂੰ ਇਹ ਪੰਥਕ ਕਹਾਉਣ ਵਾਲੇ ਆਗੂ ਜਾਂ ਪਾਰਟੀਆਂ ਟਿੱਚ ਸਮਝਦੀਆਂ ਹਨ। ਅੱਜ ਦੀ ਮੌਜੂਦਾ ਲੀਡਰਸ਼ਿਪ ਅੰਦਰ ਜਾਤੀਵਾਦ ਅਤੇ ਪਦਾਰਥਵਾਦ ਪੂਰੀ ਤਰ੍ਹਾਂ ਘਰ ਕਰ ਚੁੱਕਿਆ ਹੈ। ਇਸ ਵਾਸਤੇ ਗਰੀਬ ਸਿੱਖ ਤੇ ਹੱਥੀਂ ਕਿਰਤ ਕਰਨ ਵਾਲੇ ਨੂੰ ਇਹਨਾਂ ਪਾਰਟੀਆਂ ਵਿਚ ਰਹਿਣਾ ਔਖਾ ਹੋ ਗਿਆ ਹੈ। ਧਰਮ ਨਾਲੋਂ ਅੱਜ ਸਿਆਸਤ ਵੱਡੀ ਹੋ ਗਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਸਮੇਂ ਸ਼ਰਾਬ ਤੇ ਨਸ਼ਿਆਂ ਦੀ ਖੁਲ੍ਹੀ ਵਰਤੋਂ ਕੀਤੀ ਜਾਂਦੀ ਹੈ। ਪੈਸੇ ਨਾਲ ਵੋਟਾਂ ਖਰੀਦੀਆਂ ਜਾਂਦੀਆਂ ਹਨ। ਗੈਰ-ਸਿੱਖਾਂ ਦੀਆਂ ਵੋਟਾਂ ਪੁਆ ਕੇ ਅਸੀਂ ਧਰਮ ਪ੍ਰਚਾਰ ਕਰਨ ਵਾਲੀ ਇਸ ਮਹਾਨ ਜਥੇਬੰਦੀ ਦੇ ਮੈਂਬਰ ਚੁਣੇ ਜਾਣ ਵਿਚ ਫਖਰ ਮਹਿਸੂਸ ਕਰਦੇ ਹਾਂ। ਅਕਾਲੀ ਦਾ ਅਰਥ ਤਾਂ ਹੁੰਦਾ ਹੈ ਜੋ ਸਿੱਖ ਅਕਾਲਪੁਰਖ ਦਾ ਹੋਵੇ ਭਾਵ ਅਕਾਲਪੁਰਖ ਨੂੰ ਸਮਰਪਿਤ ਹੋਵੇ। ਜਿਸਦੀ ਜ਼ਿੰਦਗੀ ਵਿਚ ਨਾਮ ਦੀ ਰੰਗਤ ਚੜ੍ਹੀ ਹੋਵੇ, ਜਿਸਨੂੰ ਦੇਖ ਕੇ ਨਿਮਾਣਿਆਂ ਤੇ ਨਿਤਾਣਿਆਂ ਅੰਦਰ ਜੁਰਅਤ ਪੈਦਾ ਹੋਵੇ। ਅਕਾਲੀ ਰਾਜ ਸੱਤਾ 'ਤੇ ਕਈ ਵਾਰ ਬੈਠੇ। ਹਰ ਸਿੱਖ ਨੂੰ ਆਸ ਸੀ ਕਿ ਬੀਤੇ ਸਮੇਂ ਵਿਚ ਜੋ ਸਿੱਖਾਂ ਨੇ ਸੰਤਾਪ ਹੰਢਾਇਆ ਹੈ ਉਹਨਾਂ ਦੇ ਜ਼ਖਮਾਂ 'ਤੇ ਮਰਹਮ ਲੱਗੇਗੀ। ਸਿੱਖ ਨੌਜੁਆਨਾਂ ਦੀ ਸਾਰ ਲਈ ਜਾਵੇਗੀ। ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਵਾਲੇ ਝੂਠੇ ਮੁਕਾਬਲੇ ਬਣਾ ਕੇ ਨੌਜੁਆਨਾਂ ਨੂੰ ਸ਼ਹੀਦ ਕਰਨ ਵਾਲੇ ਪੁਲਿਸ ਅਫਸਰਾਂ ਨੂੰ ਟਿਕਾਣੇ ਸਿਰ ਰੱਖਿਆ ਜਾਵੇਗਾ। ਪਰ ਇਹ ਸਭ ਕੁਝ ਸੁਪਨਾ ਹੀ ਬਣ ਗਿਆ। ਯਾਦ ਰੱਖੋ ਸਿੱਖ ਲੀਡਰੋ, ਹਜ਼ਾਰਾਂ ਬੇਗੁਨਾਹ ਅਤੇ ਮਾਸੂਮਾਂ ਦਾ ਕਤਲੇਆਮ, ਸੈਂਕੜੇ ਸਿੱਖ ਧੀਆਂ ਭੈਣਾਂ ਦੀ ਬੇਇੱਜ਼ਤੀ, ਸ੍ਰੀ ਅਕਾਲ ਤਖ਼ਤ ਤੇ ਸਿੱਖ ਵਿਰਸੇ ਦੀ ਤਬਾਹੀ ਨਾ ਸਹਾਰਦੇ ਹੋਏ ਆਪਣੇ ਗੁਰਧਾਮਾਂ ਦੀ ਆਨ ਤੇ ਸ਼ਾਨ ਕਾਇਮ ਰੱਖਣ ਲਈ ਸਿੱਖ ਸੂਰਬੀਰਾਂ ਦਾ ਡੁਲ੍ਹਿਆ ਖ਼ੂਨ ਅੱਜ ਤੁਹਾਡੇ ਤੋਂ ਜਵਾਬ ਮੰਗਦਾ ਹੈ ਤੇ ਵੰਗਾਰ ਪਾ ਕੇ ਸੁਨੇਹਾ ਦੇ ਰਿਹਾ ਹੈ ਹੋਸ਼ ਕਰੋ ਲੀਡਰੋ, ਕੌਮ ਦੇ ਜਥੇਦਾਰੋ! ਕਿਉਂ ਅੱਜ ਸ਼ਹੀਦਾਂ ਦੀ ਰੱਤ ਵਿਚ ਨਹਾਉਂਦੇ ਹੋ ? ਕਿਉਂ ਅੱਜ ਉਨ੍ਹਾਂ ਤੋਂ ਮੂੰਹ ਮੋੜਦੇ ਹੋ ? ਤੁਹਾਡੀ ਜਥੇਦਾਰੀ ਤੇ ਕੁਰਸੀ ਵੀ ਅੱਜ ਉਹਨਾਂ ਸ਼ਹੀਦਾਂ ਦੇ ਖ਼ੂਨ ਵਿਚੋਂ ਹੀ ਤੁਹਾਨੂੰ ਮਿਲੀ ਹੈ। ਛੱਡ ਦਿਉ ਕੁਰਸੀਆਂ ਦੇ ਲਾਲਚ ਨੂੰ। ਯਾਦ ਰੱਖੋ ਜੇਕਰ ਅਣਖ ਹੈ ਤਾਂ

ਮਾਛੀਵਾੜੇ ਦੇ ਜੰਗਲ ਦੇ ਕੰਡੇ ਵੀ ਮਖ਼ਮਲੀ ਗੱਦਿਆਂ ਨਾਲੋਂ ਸੁਖਦਾਇਕ ਹਨ। ਸਿੱਖ ਵੀਰਿਓ! ਨੌਜੁਆਨੋ! ਭੈਣੋ! ਬੱਚਿਓ!!! ਸ਼ਾਇਦ ਤੁਸੀਂ ਆਪਣੇ ਵੀਰਿਆਂ ਦਾ ਇਤਿਹਾਸ ਨਹੀਂ ਪੜ੍ਹਿਆ ਕਿਵੇਂ ਜਫ਼ਰ ਜਾਲ ਕੇ, ਪਿੰਡੇ 'ਤੇ ਤਸੀਹੇ ਝੱਲ, ਪੱਟਾਂ ਵਿਚ ਨਮਕ ਪੁਆ, ਤੇ ਹਰ ਅਨਮਨੁੱਖੀ ਤਸੀਹਾ ਝੱਲ ਕੇ ਵੀ ਤੁਹਾਡੇ ਵੀਰੇ ਆਪਣੇ ਅਸੂਲ ਤੋਂ ਪਿਛੇ ਨਹੀਂ ਹਟੇ ਸਨ। ਕੀ ਅੱਜ ਤੁਹਾਨੂੰ ਆਪਣੇ ਨੌਜੁਆਨ ਵੀਰ ਭਾਈ ਤਾਰੂ ਸਿੰਘ ਦੀ ਖੋਪਰੀ ਵਿਚੋਂ ਵਗਦੀਆਂ ਖ਼ੂਨ ਦੀਆਂ ਧਾਰਾਂ ਦਿਖਾਈ ਨਹੀਂ ਦਿੰਦੀਆਂ? ਸਰਹੰਦ ਦੀਆਂ ਉਸਰੀਆਂ ਹੋਈਆਂ ਨੀਹਾਂ, ਚਮਕੌਰ ਦੀ ਗੜ੍ਹੀ, ਭਾਈ ਮਨੀ ਸਿੰਘ ਜੀ ਦਾ ਕੱਟਿਆ ਜਾਂਦਾ ਬੰਦ ਬੰਦ, ਬੰਦਾ ਸਿੰਘ ਬਹਾਦਰ ਦਾ ਗਰਮ ਜੰਬੂਰਾਂ ਨਾਲ ਨੋਚਿਆ ਜਾ ਰਿਹਾ ਸਰੀਰ ਅਤੇ 1984 ਵਿਚ ਆਪਣੇ ਗੁਰਧਾਮਾਂ ਦੀ ਰਾਖੀ ਲਈ ਖ਼ੂਨ ਦੀਆਂ ਹੋਲੀਆਂ ਖੇਡਣ ਵਾਲਿਆਂ ਦੇ ਕਿਰਦਾਰ ਤੋਂ ਅੱਜ ਤੁਸੀਂ ਸਿਖਿਆ ਲੈਣ ਜੋਗੇ ਕਿਉਂ ਨਹੀਂ ਰਹੇ? ਤੁਹਾਨੂੰ ਪਤਾ ਹੈ ਤੁਹਾਨੂੰ ਤੁਹਾਡੇ ਗੁਰੂ ਦਾ ਹੁਕਮ ਹੈ, 'ਇਹੈ ਮੋਰ ਆਗਿਆ ਸੁਨੋ ਹੇ ਪਿਆਰੇ। ਬਿਨਾਂ ਤੇਗ ਕੇਸੰ ਦਿਵੋ ਨ ਦੀਦਾਰੇ।' ਤੁਸੀਂ ਭਾਈ ਨੰਦ ਲਾਲ ਸਿੰਘ ਜੀ ਦੇ ਤਨਖ਼ਾਹਨਾਮੇ ਵਿਚ ਲਿਖੇ ਇਹ ਬੋਲ ਕਿ 'ਬਚਨ ਹੈ ਸ੍ਰੀ ਗੁਰੂ ਜੀ ਕਾ, ਜੋ ਕੋਈ ਸਿੱਖ ਕਾ ਬੇਟਾ ਹੋਇ ਔਰ ਮੋਨਾ ਹੋਇ ਜਾਵੇ, ਤਿਸ ਕੀ ਜੜ੍ਹ ਸੁਕੀ। ਅਰ ਜੋ ਮੋਨਾ ਸਿੱਖ ਹੋਇ ਜਾਵੇ ਤਿਸਕੀ ਜੜ੍ਹ ਹਰੀ।' ਲਗਦੈ ਅੱਜ ਜਾਂ ਤਾਂ ਤੁਹਾਨੂੰ ਸਮਝ ਹੀ ਨਹੀਂ ਆਈ ਕਿ ਸਿੱਖ ਦੀ ਸ਼ਾਨ ਅਤੇ ਪਹਿਚਾਣ ਕੇਸ ਹਨ। ਕੇਸ ਕੱਟਣੇ ਸਿੱਖ ਲਈ ਬੇਗ਼ੈਰਤੀ ਅਤੇ ਆਤਮਿਕ ਮੌਤ ਦੀ ਨਿਸ਼ਾਨੀ ਹੈ। ਆਪਣੇ ਵਿਰਸੇ ਨੂੰ ਪਿੱਠ ਦਿਖਾਉਣ ਦਾ ਕੋਝਾ ਯਤਨ ਹੈ। ਤੁਹਾਡੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਸਾਰਾ ਸਰਬੰਸ ਤੁਹਾਡੀ ਆਜ਼ਾਦੀ ਤੇ ਵੱਖਰੀ ਹੋਂਦ ਦੀ ਕਾਇਮੀ ਲਈ ਵਾਰਿਆ ਸੀ। ਆਪਣੀ ਸੀਰਤ ਤੇ ਸੂਰਤ ਵੀ ਤੁਹਾਨੂੰ ਬਖਸ਼ ਕੇ ਤੁਹਾਡੇ ਵਿਚੋਂ ਆਪਣਾ ਸਰੂਪ ਦੇਖਿਆ ਸੀ ਤੇ ਕਿਹਾ ਸੀ ਖ਼ਾਲਸਾ! ਮੇਰਾ ਰੂਪ, ਮੇਰਾ ਸਰੂਪ, ਇਹ ਮੇਰੀ ਤੇਰੇ ਪਾਸ ਅਮਾਨਤ ਹੈ। ਮੇਰੀ ਅਮਾਨਤ ਸਾਂਭ ਕੇ ਰੱਖੀਂ। ਕੋਈ ਵੀ ਸਭਿਅਕ ਸਮਾਜ ਧੋਖੇ ਤੇ ਹੇਰਾਫੇਰੀ ਦੀ ਇਜਾਜ਼ਤ ਨਹੀਂ ਦਿੰਦਾ। ਸਿੱਖੀ ਜੀਵਨ ਬਹੁਰੂਪੀਆਂ ਦਾ ਜੀਵਨ ਨਹੀਂ ਹੈ। ਅੱਜ ਸਰੂਪ ਹੋਰ ਤੇ ਕੱਲ੍ਹ ਹੋਰ। ਇਹ ਤਾਂ ਸਦੀਵੀ ਕਾਇਮ ਰੱਖਣ ਵਾਲੀ ਸਿੱਖੀ ਦੀ ਪਰੰਪਰਾ ਹੈ। ਇਸ ਸਰੂਪ ਵਿਚ ਹੀ ਗੁਰੂ ਦਾ ਪਿਆਰ ਬੱਝਾ ਹੋਇਆ ਹੈ। ਇਹ ਸਰੂਪ ਬਖਸ਼ਣ ਤੋਂ ਪਹਿਲਾਂ ਗੁਰੂ ਜੀ ਨੇ ਤੇਰੀ ਪਰਖ ਕੀਤੀ ਸੀ ਤੇ ਕਿਹਾ ਸੀ ਜੇਕਰ ਸੱਚਮੁੱਚ ਹੀ ਤੇਰਾ ਮੇਰੇ ਨਾਲ ਪਿਆਰ ਹੈ ਤਾਂ ਫਿਰ ਆਪਣਾ ਸੀਸ ਗੁਰੂ ਨੂੰ ਅਰਪਣ ਕਰ ਦੇ। ਜੇਕਰ ਹੁਣ ਇਹ ਸਿਰ ਗੁਰੂ ਦਾ ਹੈ ਤਾਂ ਫਿਰ ਤੈਨੂੰ ਕੀ ਹੱਕ ਹੈ ਕਿ ਤੂੰ ਇਸ ਸਾਬਤ ਸੂਰਤ ਸਰੂਪ ਵਿਚ ਕੋਈ ਤਬਦੀਲੀ ਕਰੇਂ? ਇਹ ਗੱਲ ਤੁਹਾਨੂੰ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਕੋਈ ਵੀ ਧਰਮ ਆਪਣੀ ਨਿਆਰੀ ਹੋਂਦ ਨੂੰ ਕਾਇਮ ਰੱਖਣ ਤੋਂ ਬਿਨਾਂ ਆਪਣੀ ਹਸਤੀ ਕਾਇਮ ਨਹੀਂ ਰੱਖ ਸਕਦਾ ਤੇ ਜੇਕਰ ਅੱਜ ਤੁਸੀਂ ਹੀ ਆਪਣੇ ਬਾਣੇ ਅਤੇ ਰਹਿਤ ਵਾਲੇ ਸਰੂਪ ਤੇ ਬਾਣੀ ਨੂੰ ਤਿਆਗ ਦਿਉਗੇ ਤਾਂ ਫਿਰ ਤੁਹਾਡੀ ਵੱਖਰੀ ਤੇ ਨਿਆਰੀ ਹੋਂਦ ਹੀ ਖ਼ਤਮ ਹੋ ਜਾਏਗੀ। ਅੱਜ ਜਦੋਂ ਮੈਂ ਕੌਮ ਦੀ ਹਾਲਤ ਤੇ ਖ਼ਾਸ ਕਰ ਨੌਜੁਆਨ ਵੀਰਾਂ ਅਤੇ ਭੈਣਾਂ ਨੂੰ ਵੇਖਦਾ ਹਾਂ ਜੋ ਆਪਣਾ ਸਰੂਪ ਤਿਆਗ ਕੇ ਗੁਰੂ ਤੋਂ ਦੂਰ ਚਲੇ ਗਏ ਹਨ ਤਾਂ ਮੈਨੂੰ ਲਗਦਾ ਹੈ ਕਿ ਅੱਜ ਤਾਂ 'ਘਰ ਕੋ ਆਗ ਲਗੀ ਅਪਨੇ ਹੀ ਚਿਰਾਗ ਸੇ' ਵਾਲੀ ਹਾਲਤ ਬਣ ਗਈ ਹੈ। ਮੇਰੀ ਕੌਮ ਦੇ ਭਵਿੱਖ ਮੰਨੇ ਜਾਣ ਵਾਲਿਓ! ਅੱਜ ਤੁਹਾਨੂੰ ਸਿੱਖੀ ਤੇ ਮਾਣ ਕਿਉਂ ਨਹੀਂ ਰਿਹਾ? ਅੱਜ ਤੁਹਾਨੂੰ ਦਸਤਾਰ ਵਾਲੇ ਤੇ ਬਿਨਾਂ ਕੇਸਾਂ ਵਾਲੇ ਸਰੂਪ ਵਿਚ ਫਰਕ ਕਿਉਂ ਨਹੀਂ ਨਜ਼ਰ ਆਉਂਦਾ? ਮੈਨੂੰ ਪੰਜਾਬੀ ਦੇ ਸੂਫੀ ਸ਼ਾਇਰ ਦਾ ਕਥਨ ਯਾਦ

ਆ ਰਿਹਾ ਹੈ ਜਿਸ ਵਿਚ ਉਸਨੇ ਟੁੰਬਿਆ ਹੈ :

**ਤੂੰ ਕੀ ਸੁੱਤਾ ਏਂ ਚਾਦਰ ਤਾਣ ਕੇ**

**ਸਿਰ ਮੌਤ ਖਲੋਤੀ ਤੇਰੇ ਆਣ ਕੇ।**

**ਕੋਈ ਅਮਲ ਨਾ ਕੀਤਾ ਜਾਣ ਕੇ।**

ਸ਼ਹੀਦਾਂ ਦਾ ਡੁਲ੍ਹਿਆ ਖ਼ੂਨ ਅੱਜ ਤੁਹਾਡੇ ਪਾਸੋਂ ਹਿਸਾਬ ਮੰਗਦਾ ਹੈ ਤੇ ਸੁਨੇਹਾ ਦਿੰਦਾ ਕਹਿ ਰਿਹਾ ਹੈ, "ਉਠੋ ਨੌਜੁਆਨੋਂ ! ਅੱਜ ਆਪਣੀ ਨਿਆਰੀ ਹੋਂਦ ਮਿੱਟੀ ਵਿਚ ਨਾ ਮਿਲਾਉ। ਆਪਣੇ ਸਵੈ-ਮਾਣ, ਅਣਖ ਤੇ ਹਿੰਮਤ ਨੂੰ ਕਾਇਮ ਕਰੋ। ਯਾਦ ਰੱਖਿਉ ਕਾਇਰ ਵਾਰ ਵਾਰ ਮਰਦਾ ਹੈ ਤੇ ਸੂਰਮਾ ਇਕੋ ਵਾਰ।" ਸਤਿਗੁਰੂ ਜੀ ਨੇ ਤੁਹਾਨੂੰ ਪ੍ਰਮਾਤਮ ਕੀ ਮੌਜ ਵਿਚੋਂ ਪੈਦਾ ਕਰ ਅੰਮ੍ਰਿਤ ਬਖ਼ਸ਼ ਕੇ ਅਕਾਲ ਪੁਰਖ ਦੀ ਫ਼ੌਜ ਬਣਾ ਕੇ ਤੁਹਾਡੇ ਸਿਰ 'ਤੇ ਵਰਦੀ ਦੇ ਰੂਪ ਵਿਚ ਦਸਤਾਰ (ਪੱਗ) ਬੰਨ੍ਹਾਈ ਸੀ। ਕੀ ਅੱਜ ਅਸੀਂ ਸਾਬਤ ਸੂਰਤ ਵਾਲੇ ਸਰੂਪ ਨੂੰ ਤਿਆਗ ਕੇ ਫਿਰ ਕਾਇਰ ਤੇ ਬੁਜ਼ਦਿਲ ਨਹੀਂ ਹੋ ਗਏ ? ਸਾਨੂੰ ਤਾਂ ਅੱਜ ਆਪਣੀ ਪੱਗ ਆਪ ਲਾਹੁਣ ਲੱਗਿਆਂ ਵੀ ਸ਼ਰਮ ਮਹਿਸੂਸ ਨਹੀਂ ਹੋ ਰਹੀ। ਉਠੋ, ਸੰਭਾਲੋ ਉਸ ਪੱਗ ਨੂੰ, ਸਰਦਾਰੀ ਦੀ ਪਹਿਚਾਣ ਨੂੰ, ਗੁਰੂ ਦੇ ਲੜ ਲੱਗ ਜਾਉ ਤੇ ਫਿਰ ਅੰਮ੍ਰਿਤ ਪੀ ਕੇ ਗੁਰੂ ਦੀ ਲਾਡਲੀ ਖ਼ਾਲਸਾ ਫ਼ੌਜ ਵਿਚ ਸ਼ਾਮਲ ਹੋ ਜਾਉ। ਤੁਹਾਡਾ ਇਤਿਹਾਸ ਦੱਸਦਾ ਹੈ ਕਿ ਸਿੱਖ ਮਰ ਸਕਦਾ ਹੈ ਪਰ ਗੁਰੂ ਤੋਂ ਬੇਮੁਖ ਨਹੀਂ ਹੋ ਸਕਦਾ। ਉਠੋ ! ਕੌਮ ਦੇ ਅਣਖੀਲੇ ਵਾਰਸੋ, ਸੁਣੋ ਸੁਨੇਹਾ ਉਸ ਡੁਲ੍ਹੇ ਹੋਏ ਖ਼ੂਨ ਦਾ। ਜੋ ਬੀਤ ਚੁੱਕਾ ਹੈ ਉਸ ਦਾ ਹਿਰਖ ਨਾ ਕਰੀਏ, ਰਹਿੰਦੇ ਜੀਵਨ ਦਾ ਸਮਾਂ ਅਜਾਈਂ ਨਾ ਗਵਾਈਏ। ਗੁਰੂ ਵਾਲੇ ਬਣ, ਗੁਰੂ 'ਤੇ ਵਿਸ਼ਵਾਸ ਲਿਆਈਏ। ਆਪਣੀ ਜ਼ਿੰਮੇਵਾਰੀ ਸਮਝੀਏ ਤੇ ਪੰਥਕ ਹਿਤਾਂ 'ਤੇ ਦ੍ਰਿੜ੍ਹਤਾ ਨਾਲ ਪਹਿਰਾ ਦੇਈਏ। ਜਿੰਨਾ ਚਿਰ ਤੱਕ ਤੁਸੀਂ ਜਾਗ੍ਰਿਤ ਨਹੀਂ ਹੁੰਦੇ, ਕੌਮ ਦੇ ਭਵਿੱਖ ਬਾਰੇ ਨਹੀਂ ਸੋਚਦੇ ਤਾਂ ਫਿਰ ਸਿੱਖ ਕੌਮ ਦੀ ਨਿਆਰੀ ਤੇ ਨਿਰਾਲੀ ਹੋਂਦ ਨੂੰ ਇਸ ਤਰ੍ਹਾਂ ਹੀ ਖੋਰਾ ਲੱਗਦਾ ਰਹੇਗਾ ਜਿਸਦੇ ਜ਼ਿੰਮੇਵਾਰ ਹੋਰ ਕੋਈ ਨਹੀਂ ਕੇਵਲ ਤੇ ਕੇਵਲ ਅਸੀਂ ਖ਼ੁਦ ਹੋਵਾਂਗੇ। ਜੇਕਰ ਅਸੀਂ ਹੁਣ ਵੀ ਨਾ ਸਮਝੇ ਤਾਂ ਸਾਡੀ ਇੱਜ਼ਤ ਅਤੇ ਪੱਤ ਨੂੰ ਹਰ ਕੋਈ ਲਤਾੜਦਾ ਚਲਾ ਜਾਵੇਗਾ ਤੇ ਅਸੀਂ ਸਮੇਂ ਦੀ ਚਾਲ ਵਿਚ ਆਪਣੀ ਵਿਲੱਖਣ ਹਸਤੀ ਤੋਂ ਵਾਂਝਿਆਂ ਹੋ ਜਾਵਾਂਗੇ। ਸਮੇਂ ਦੀ ਚਾਲ ਨੂੰ ਸੰਭਾਲੀਏ, ਆਪਣੇ ਸੁਨਹਿਰੀ ਵਿਰਸੇ ਦੇ ਚੰਗੇ ਵਾਰਸ ਬਣੀਏ ਜਿਸ ਵਿਰਸੇ ਨੂੰ ਸ਼ਿੰਗਾਰਨ ਲਈ ਕੌਮੀ ਮਰਜੀਵੜਿਆਂ ਨੇ ਆਪਣੇ ਖ਼ੂਨ ਦੀ ਹੋਲੀ ਖੇਡੀ ਸੀ। ਉਹਨਾਂ ਵਲੋਂ ਡੋਲ੍ਹੇ ਖ਼ੂਨ ਨੂੰ ਅਸੀਂ ਜਵਾਬ ਦੇ ਸਕੀਏ ਤੇ ਆਖੀਏ ਅਸੀਂ ਉਹਨਾਂ ਦਿਨਾਂ ਦੀ ਯਾਦ ਕਦੀ ਨਹੀਂ ਭੁੱਲਾਂਗੇ ਜਿਹਨਾਂ ਦਿਨਾਂ ਵਿਚ ਤੁਸੀਂ ਸਾਨੂੰ ਜੀਵਨ ਦੇਣ ਲਈ ਆਪ ਕੁਰਬਾਨ ਹੋ ਗਏ ਸੀ। ਆਓ ਯਾਦ ਕਰੀਏ ਉਹ ਦਿਨ ਤੇ ਜਵਾਬ ਦਈਏ :

**ਹਿੰਦੋਸਤਾਨ ਦੀਆਂ ਫੌਜਾਂ ਦੇ, ਓਹ ਕਹਿਰ ਨਹੀਂ ਭੁੱਲਾਂਗੇ।**

**ਦਿਨ ਅਤਿ ਦੇ ਜ਼ੁਲਮਾਂ ਦੇ, ਕਿਸੇ ਪਹਿਰ ਨਹੀਂ ਭੁੱਲਾਂਗੇ।**

**ਇਹ ਸਾਲ ਚੌਰਾਸੀ ਦਾ ਖੂੰਖਾਰ ਨਹੀਂ ਭੁੱਲਾਂਗੇ।**

**ਤੁਹਾਡੇ ਡੋਲ੍ਹੇ ਹੋਏ ਖ਼ੂਨ ਦਾ, ਅਹਿਸਾਨ ਨਹੀਂ ਭੁੱਲਾਂਗੇ।**

ਨਹੀਂ ਭੁੱਲਾਂਗੇ, ਉਹਨਾਂ ਖ਼ੂਨੀ ਰਾਤਾਂ ਨੂੰ।
ਨਹੀਂ ਭੁੱਲਾਂਗੇ, ਤੁਹਾਡੇ ਕੌਮੀ ਜਜ਼ਬਾਤਾਂ ਨੂੰ।
ਨਹੀਂ ਭੁੱਲਾਂਗੇ, ਹਰਿਮੰਦਰ ਤੇ ਲੱਗੀਆਂ ਗੋਲੀਆਂ ਨੂੰ।
ਨਹੀਂ ਭੁੱਲਾਂਗੇ, ਉਹਨਾਂ ਖ਼ੂਨੀ ਹੋਲੀਆਂ ਨੂੰ।
ਅਸੀਂ ਯਾਦ ਤੁਹਾਡੀ ਦੇ ਭਾਂਬੜ ਮਚਾ ਦਿਆਂਗੇ।
ਸਿੱਖੀ ਦੇ ਬਦਲੇ ਅਸੀਂ ਖੋਪਰ ਲੁਹਾ ਦਿਆਂਗੇ।
ਉਹਨਾਂ ਜ਼ਾਲਮ ਸਰਕਾਰਾਂ ਨੂੰ ਸਬਕ ਸਿਖਾ ਦਿਆਂਗੇ।
ਤੁਹਾਡੇ ਡੋਲ੍ਹੇ ਹੋਏ ਖ਼ੂਨ ਦਾ ਬਦਲਾ ਚੁਕਾ ਦਿਆਂਗੇ।

*****

## ਹਰਿਮੰਦਰ ਸਾਹਿਬ ਤੇ ਹੋਏ ਹਮਲਿਆਂ ਦੀ ਗਾਥਾ

ਜੂਨ ੧੯੮੪ ਵਿਚ ਸ੍ਰੀ ਦਰਬਾਰ ਸਾਹਿਬ ਉਪਰ ਹੋਏ ਫ਼ੌਜੀ ਹਮਲੇ ਬਾਰੇ ਇਕ ਪ੍ਰਸਿੱਧ ਸ਼ਾਇਰ ਦੀ ਟਿਪਣੀ ਸੀ :

**ਸਦੀਆਂ ਪਿੱਛੋਂ ਤਵਾਰੀਖ਼ ਨੇ, ਮੁੜ ਆਪਾ ਦੁਹਰਾਇਆ।**
**ਨਵੇਂ ਰੂਪ ਵਿੱਚ ਅਬਦਾਲੀ ਮੁੜ, ਦਿੱਲੀਓਂ ਚੜ੍ਹ ਕੇ ਆਇਆ।**
**ਅੱਜ ਫਿਰ ਦੇਸ਼ ਦੀ ਮਹਾਰਾਣੀ ਵਿੱਚ, ਰੂਹ ਮੁਗਲਾਂ ਦੀ ਆਈ।**
**ਅੱਜ ਫਿਰ ਉਸ ਨੇ ਸਿੱਖ ਕੌਮ ਤੇ, ਭਾਜੀ ਨਵੀਂ ਚੜ੍ਹਾਈ।**
**ਬਾਬਰ, ਜਹਾਂਗੀਰ ਤੋਂ ਜਿਹੜੀ, ਅੱਜ ਤਕ ਚਲਦੀ ਆਈ।**
**ਦਿੱਲੀ ਦੇ ਤਖ਼ਤ ਨੇ ਅੱਜ ਫਿਰ, ਪੂਰੀ ਰੀਤ ਨਿਭਾਈ।**

(ਬਲਵੰਤ ਸਿੰਘ ਪ੍ਰੇਮੀ)

ਸ਼ਾਇਰ ਦਾ ਲਿਖਿਆ ਇਹ ਛੋਟਾ ਜਿਹਾ ਕਾਵਿ-ਬੰਦ, ਆਪਣੇ ਅਰਥਾਂ ਦੀ ਡੂੰਘਾਈ ਵਿੱਚ ਕਈ ਲੰਘ ਗਈਆਂ ਸਦੀਆਂ ਦੇ ਇਤਿਹਾਸ ਦੀ ਹਲਚਲ ਨੂੰ ਸਮੋਈ ਬੈਠਾ ਹੈ।ਇਤਿਹਾਸ ਦਾ ਕੋਈ ਖੋਜੀ ਜੇਕਰ ਇਹਨਾਂ ਚੰਦ ਸ਼ਬਦਾਂ ਦੇ ਅਰਥਾਂ ਦੀ ਡੂੰਘੀ ਤਹਿ ਵਿਚ ਉਤਰੇਗਾ, ਤਾਂ ਉਸ ਨੂੰ 'ਸਿਫਤੀ ਦਾ ਘਰ' ਕਹੇ ਜਾਣ ਵਾਲੇ ਇਸ ਮਹਾਨ ਧਰਮ ਦੇ ਕੇਂਦਰ ਉਪਰ ਇਸ ਦੀ ਸਥਾਪਨਾ ਦੇ ਆਰੰਭਕ ਦੌਰ ਤੋਂ ਹੀ 'ਆਫਤਾਂ ਦੇ ਹੜ੍ਹ' ਬਣ ਬਣ ਕੇ ਚੜ੍ਹਨ ਵਾਲੇ ਹਕੂਮਤੀ ਲਸ਼ਕਰਾਂ ਦੀ ਦਿਲ ਕੰਬਾਊ ਝਾਕੀ ਨਜ਼ਰ ਆਵੇਗੀ।ਅੰਮ੍ਰਿਤਸਰ ਦੀ ਪਾਵਨ ਧਰਤੀ ਤੇ ਸਥਾਪਿਤ ਇਸ ਧਰਮ ਦੇ ਮਹਾਨ ਕੇਂਦਰ ਵਿਚੋਂ ਅੱਜ ਉਠ ਰਹੀ ਕੀਰਤਨ ਦੀ ਮਿੱਠੀ ਮਿੱਠੀ ਧੁਨ, ਆਪਣੇ ਅਤੀਤ ਵਿਚ ਪਤਾ ਨਹੀਂ ਤੋਪਾਂ ਦੇ ਗੋਲਿਆਂ ਤੇ ਬੰਦੂਕਾਂ ਦੀਆਂ ਗੋਲੀਆਂ ਦੀ ਕਿੰਨੀ ਕੁ ਗੜਗੜ੍ਹਾਹਟ ਸੰਭਾਲੀ ਬੈਠੀ ਹੈ।ਇਹ ਸਵਾਲ ਹਰ ਇਕ ਜਗਿਆਸੂ ਨੂੰ ਹੀ ਪ੍ਰੇਸ਼ਾਨ ਕਰੇਗਾ ਕਿ ਇਸ ਇਲਾਹੀ ਧੁੰਨ ਤੋਂ ਸਮੇਂ ਦੀਆਂ ਹਕੂਮਤਾਂ ਕਿਉਂ ਖ਼ਫਾ ਹੁੰਦੀਆਂ ਰਹੀਆਂ? ਇਹ ਤੇ ਇਸ ਨਾਲ ਮਿਲਦੇ ਜੁਲਦੇ ਸਵਾਲਾਂ ਦੇ ਜਵਾਬ ਲੱਭਣ ਦਾ

ਹੀ ਅਸੀਂ ਅੱਜ ਯਤਨ ਕਰਨਾ ਹੈ। ਕੀਰਤਨ ਦੀ ਇਹ ਧੁੰਨ ਬਿਨਾਂ ਸ਼ੱਕ ਮਿੱਠੀ ਹੈ ਪਰ ਹਾਕਮ ਬਣ ਬੈਠੀਆਂ ਜ਼ਾਬਰ ਤਾਕਤਾਂ ਇਸ ਆਵਾਜ਼ ਤੋਂ ਭੈ ਖਾਂਦੀਆਂ ਹਨ।ਕਾਰਨ? ਕਿਉਂਕਿ ਇਹ ਆਵਾਜ਼ ਆਮ ਧਾਰਮਿਕ ਮੰਨੇ ਜਾਂਦੇ ਅਸਥਾਨਾਂ ਵਿਚੋਂ ਆਉਂਦੀ ਆਵਾਜ਼ ਵਰਗੀ ਸਾਧਾਰਨ ਆਵਾਜ਼ ਨਹੀਂ।ਇਹ ਆਵਾਜ਼ ਜਿਥੇ ਅਕਾਲ ਪੁਰਖ ਦੀ ਸਿਫ਼ਤ ਸਲਾਹ ਕਰਦੀ ਹੈ, ਉਥੇ ਇਹ ਵੀ ਦ੍ਰਿੜਾਉਂਦੀ ਹੈ ਕਿ :"ਅਕਾਲ ਪੁਰਖ ਦੀ ਇਕੋ ਇਕ ਹਕੂਮਤ ਹੈ ਜੋ ਜੁਗੋ ਜੁਗ ਅਟੱਲ ਹੈ।ਇਸ ਹਕੂਮਤ ਵਿੱਚ ਲਿੰਗ, ਨਸਲ ਤੇ ਜਾਤਪਾਤ ਦੇ ਆਧਾਰ ਤੇ ਕਿਸੇ ਵੀ ਮਨੁੱਖ ਨਾਲ ਵਿਤਕਰਾ ਕਰਨ ਦੀ ਮਨਾਹੀ ਹੈ।ਦੁਨੀਆਂ ਵਿੱਚ ਬੇਦੋਸ਼ੀ ਮਨੁੱਖਤਾ ਤੇ ਜ਼ਬਰ ਜ਼ੁਲਮ ਕਰਨ ਵਾਲਾ ਕੋਈ ਵੀ ਮਨੁੱਖ, ਬੇਸ਼ੱਕ ਉਹ ਆਪਣੇ ਆਪ ਨੂੰ ਬਾਦਸ਼ਾਹ ਅਥਵਾ ਸ਼ਹਿਨਸ਼ਾਹ ਹੀ ਕਿਉਂ ਨਾ ਅਖਵਾਉਂਦਾ ਹੋਵੇ, ਅਕਾਲ ਪੁਰਖ ਦੀ ਹਕੂਮਤ ਦਾ ਉਹ ਦੋਸ਼ੀ ਹੈ ਤੇ ਅਕਾਲ ਪੁਰਖ ਦੀ ਫ਼ੌਜ ਕੋਲੋਂ ਸਜ਼ਾ ਦਾ ਹੱਕਦਾਰ।" ਇਹ ਸੱਚ ਭਰਪੂਰ ਆਵਾਜ਼ ਕੇਵਲ ਕਥਨੀ ਤਕ ਹੀ ਸੀਮਤ ਨਹੀਂ; ਸਗੋਂ ਹਰਿਮੰਦਰ ਸਾਹਿਬ ਵਿੱਚ ਅਕਾਲ ਪੁਰਖ ਦੀ ਸਿਫਤ ਸਲਾਹ ਕਰਨ ਵਾਲੀ ਇਹੀ ਮਿੱਠੀ ਆਵਾਜ਼ ਅਕਾਲ ਤਖ਼ਤ ਤੇ ਜਾ ਕੇ ਜਾਬਰ ਤਾਕਤਾਂ ਲਈ ਲਲਕਾਰ ਬਣ ਕੇ ਗੂੰਜ ਉਠਦੀ ਹੈ; ਝੂਠੇ ਤਖ਼ਤਾਂ ਨੂੰ ਕਾਂਬਾ ਛਿੜ ਜਾਂਦਾ ਹੈ ਅਤੇ ਉਹ ਬੁਖਲਾਹਟ ਵਿੱਚ ਇਸ ਅਵਾਜ਼ ਨੂੰ ਸਦਾ ਸਦਾ ਲਈ ਬੰਦ ਕਰਨ ਹਿੱਤ ਕਟਕ ਬੰਨ੍ਹ ਬੰਨ੍ਹ ਕੇ ਚੜ੍ਹ ਆਉਂਦੇ ਹਨ। ਇਤਿਹਾਸ ਗਵਾਹ ਹੈ ਕਿ ਝੂਠੇ ਤਖ਼ਤਾਂ ਦੇ ਕੂੜੇ ਨਸ਼ੇ ਵਿਚ ਮਦਮਸਤ ਹਾਕਮਾਂ ਦੇ ਭੇਜੇ ਅਥਾਹ ਲਸ਼ਕਰ ਜਦੋਂ ਜਦੋਂ ਵੀ ਹਰਿਮੰਦਰ ਤੇ ਚੜ੍ਹਦੇ ਰਹੇ;

## ਲਤਾੜਦਾ ਚਲਾ ਜਾਵੇਗਾ ਤੇ ਅਸੀਂ ਸਮੇਂ ਦੀ ਚਾਲ ਵਿਚ ਆਪਣੀ ਵਿਲੱਖਣ

ਅਕਾਲ ਤਖ਼ਤ ਦੀ ਛਾਂ ਹੇਠ ਮੁੱਠੀ ਭਰ ਸੂਰਮੇ ਹੀ ਸਿੱਖੀ ਸਿਦਕ ਦੇ ਸਹਾਰੇ ਜ਼ੁਲਮੀ ਹੜ੍ਹਾਂ ਨੂੰ ਠੱਲ੍ਹਦੇ ਤੇ ਧਰਮ ਦੀ ਸ਼ਮਾਂ ਤੇ ਪਤੰਗੇ ਬਣ ਬਣ ਕੇ ਸੜਦੇ ਰਹੇ।ਝੂਠੇ ਹਾਕਮਾਂ ਦੀ ਹਰ ਜਿੱਤ ਦਾ ਭਰਮ ਵੀ ਇਤਿਹਾਸ ਨੇ ਝੂਠਾ ਸਿੱਧ ਹੁੰਦਾ ਵੇਖਿਆ।ਇਸ ਸੱਚ ਦੇ ਕੇਂਦਰ ਨੂੰ ਮਲੀਆਮੇਟ ਕਰਨ ਦਾ ਯਤਨ ਕਰਨ ਵਾਲੀਆਂ ਝੂਠੀਆਂ ਸ਼ਹਿਨਸ਼ਾਹੀਆਂ ਦੀ ਉਡਦੀ ਰਾਖ ਤੇ ਇਸ ਕੇਂਦਰ ਤੇ ਲਟ ਲਟ ਜਗਦੀ ਧਰਮ ਦੀ ਸ਼ਮਾਂ, ਝੂਠੀਆਂ ਬਾਦਸ਼ਾਹੀਆਂ ਦੀ ਜਿੱਤ ਦੇ ਕਈ ਭਰਮਾਂ ਦਾ ਨਾਸ਼ ਕਰਨ ਲਈ ਕਾਫੀ ਹੈ।ਇਸ ਖ਼ੂਨੀ ਟੱਕਰ ਵਿੱਚ ਜ਼ਾਲਮ ਬੇਸ਼ੱਕ ਕਿਸੇ ਸਮੇਂ ਧਰਮੀਆਂ ਤੇ ਭਾਰੂ ਹੁੰਦਾ ਦਿਸੇ, ਪਰ ਅੱਜ ਤਕ ਜ਼ੁਲਮ ਧਰਮੀਆਂ ਦੇ ਸਿਦਕ ਤੇ ਭਾਰੂ ਨਹੀਂ ਹੋ ਸਕਿਆ।ਸਿਦਕ ਦੀ ਅਸਲ ਪਰਖ ਹੀ ਉਦੋਂ ਹੁੰਦੀ ਹੈ ਜਦੋਂ ਸਿਦਕ ਵਾਲੇ ਪਾਸੇ ਸਿਰਾਂ ਦੀ ਗਿਣਤੀ ਨਾ ਮਾਤਰ ਹੀ ਹੋਵੇ; ਤੇ ਇਤਿਹਾਸ ਗਵਾਹ ਹੈ ਗੁਰੂ ਨਾਨਕ ਦੇ ਸਿੱਖ ਇਸ ਪਰਖ ਵਿਚ ਅੱਜ ਤਕ ਫੇਲ੍ਹ ਨਹੀਂ ਹੋਏ। ਅੰਮ੍ਰਿਤਸਰ ਦੀਆਂ ਜੂਹਾਂ ਅਤੇ ਸੜਕਾਂ ਨੇ ਵਿਸ਼ੇਸ਼ ਕਰ ਕੇ ਜ਼ੁਲਮ ਅਤੇ ਸਿਦਕ ਦੀ ਇਸ ਖ਼ੂਨੀ ਟੱਕਰ ਦੇ ਕਈ ਰੂਪ ਵੇਖੇ ਹਨ।ਜ਼ੁਲਮ ਦਾ ਹਥਿਆਰ ਜੇਕਰ ਜਹਾਂਗੀਰ, ਸ਼ਾਹਜਹਾਨ, ਅਬਦਾਲੀ, ਜ਼ਕਰੀਆ, ਲੱਖੂ (ਲਖਪਤ ਰਾਇ) ਤੇ ਮੀਰ ਮੰਨੂ ਆਦਿ ਜ਼ਰਵਾਣਿਆਂ ਦੇ ਹੱਥਾਂ ਵਿੱਚ ਬਦਲ ਬਦਲ ਕੇ ਇਸ ਅਸਥਾਨ ਤੇ ਵਾਰ ਕਰਦਾ ਰਿਹਾ ਤਾਂ ਸਿੱਖੀ ਸਿਦਕ ਦੀ ਚਿਣਗ ਵੀ ਸੁਖਾ ਸਿੰਘ, ਮਹਿਤਾਬ ਸਿੰਘ, ਦੀਪ ਸਿੰਘ, ਗੁਰਬਖਸ਼ ਸਿੰਘ ਤੇ ਜਰਨੈਲ ਸਿੰਘ ਦੀਆਂ ਛਾਤੀਆਂ ਵਿਚ ਪ੍ਰਜ੍ਵੱਲਤ ਹੋ ਕੇ ਇਸ ਅਸਥਾਨ ਦੀ ਰਾਖੀ ਕਰਨ ਲਈ ਉਠਦੀ ਰਹੀ।ਗੁਰਮਤਿ ਵਿਚਾਰਧਾਰਾ ਨੂੰ ਸਮਰਪਿਤ ਅਣਖੀਲੀਆਂ ਜਿੰਦਾਂ ਨੇ ਅੱਜ ਤਕ ਕਦੇ ਵੀ ਹਰਿਮੰਦਰ ਸਾਹਿਬ ਦੀ ਪਰਕਰਮਾਂ ਵਿਚ ਧਰੇ ਗਏ ਨਾਪਾਕ ਜਾਬਰ ਪੈਰਾਂ ਦਾ ਗੰਦ ਧੋਣ ਲਈ, ਲਹੂ ਦੀ ਘਾਟ ਨਹੀਂ ਆਉਣ ਦਿੱਤੀ।ਇਕ ਸ਼ਾਇਰ ਦੇ ਅਨੁਸਾਰ :

**ਇਸ ਸ਼ਮਾਂ ਦੀ ਸੰਘੀ ਨੱਪਣ ਲਈ ਜੇ ਕਈ ਹਤਿਆਰੇ ਬਣ ਉਠੇ।**
**ਤਾਂ ਦੀਪ ਸਿੰਘ ਜਿਹੇ ਭੰਬਟ ਵੀ ਝਟ ਪਟ ਅੰਗਿਆਰੇ ਬਣ ਉਠੇ।**
**ਜੇ ਤਾਲ ਕਿਸੇ ਅਬਦਾਲੀ ਨੇ ਹੈ ਪੂਰਿਆ ਸਿੰਘ ਮੁਕਾਵਣ ਲਈ।**
**ਤਾਂ ਸਿੰਘਾਂ ਤਲੀ ਤੇ ਸੀਸ ਧਰੇ ਹਰਿਮੰਦਰ ਦਰਸ਼ਨ ਪਾਵਣ ਲਈ।**

**ਇਹ ਸੋਮਾਂ ਭਗਤੀ ਸ਼ਕਤੀ ਦਾ ਪਈ ਵਗਦੀ ਅਣਖ ਦੀ ਧਾਰਾ ਹੈ।**

**ਇਹ ਪੰਥ ਨੂੰ ਦਿੰਦਾ ਸ਼ਕਤੀ ਏ ਤੇ ਪੰਥ ਦਾ ਰਾਖਣਹਾਰਾ ਹੈ।**

(ਪਾਂਧੀ ਨਨਕਾਣਵੀ)

ਇਹ ਵਿਸ਼ਵਾਸ ਕਿ ਖਾਲਸਾ ਪੰਥ ਇਸ ਮਹਾਨ ਅਸਥਾਨ ਤੋਂ ਸ਼ਕਤੀ ਪ੍ਰਾਪਤ ਕਰਦਾ ਹੈ, ਸਿੱਖ ਤਾਂ ਕੀ ਸਿੱਖਾਂ ਦੇ ਵੈਰੀਆਂ ਵਿੱਚ ਵੀ ਪ੍ਰਚਲਤ ਹੋ ਗਿਆ ਸੀ। ਇਥੋਂ ਤਕ ਕਿ ਗ਼ੈਰ ਇਸਲਾਮੀ ਮੱਤਾਂ ਨੂੰ ਕਾਫਰ ਦਾ ਦਰਜਾ ਦੇਣ ਵਾਲੀ ਸ਼ਰਾ ਦੇ ਬੁਲਾਰੇ (ਕਾਜ਼ੀ) ਵੀ ਇਸ ਤਰ੍ਹਾਂ ਦੇ ਅਨੁਮਾਨ ਲਾਉਣ ਲੱਗ ਪਏ ਸਨ ਕਿ ਅੰਮ੍ਰਿਤਸਰ ਸਰੋਵਰ ਵਿੱਚ ਸਿੱਖਾਂ ਦੇ ਗੁਰੂ ਆਬੇ-ਹਯਾਤ (ਜੀਵਨ ਦਾ ਅੰਮ੍ਰਿਤ) ਪਾ ਗਏ ਹਨ; ਤਾਂ ਹੀ ਇਸ ਵਿੱਚ ਨਹਾ ਕੇ ਸਿੱਖਾਂ ਨੂੰ ਮੌਤ ਦਾ ਡਰ ਨਹੀਂ ਰਹਿੰਦਾ। ਇਹੀ ਕਾਰਨ ਸੀ ਕਿ ਜਦੋਂ ਸਿੱਖ ਘਰ ਘਾਟ ਛੱਡ ਕੇ ਜੰਗਲਾਂ ਵਿਚ ਰਹਿੰਦੇ ਸਨ, ਉਦੋਂ ਵੀ ਜ਼ਾਬਰ ਤਾਕਤਾਂ ਹਰਿਮੰਦਰ ਨੂੰ ਮਿਟਾਉਣ ਅਤੇ ਸਰੋਵਰ ਨੂੰ ਪੂਰਨ ਦਾ ਸਿਰ ਤੋੜ ਯਤਨ ਕਰਦੀਆਂ ਰਹੀਆਂ;

ਪਰ ਸਿੱਖਾਂ ਦੀ ਸ਼ਕਤੀ ਦਾ ਸੋਮਾ ਮੰਨੇ ਜਾਂਦੇ ਇਸ ਧਰਮ ਦੇ ਕੇਂਦਰ ਨੂੰ ਮਿਟਾਉਣ ਦਾ ਯਤਨ ਕਰਨ ਵਾਲੇ ਤਖ਼ਤਾਂ-ਤਾਜਾਂ ਦੀਆਂ ਹਸਤੀਆਂ ਮਿਟ ਗਈਆਂ ਪਰ ਇਸ ਅਸਥਾਨ ਅੰਦਰੋਂ "ਕੋਊ ਹਰਿ ਸਮਾਨਿ ਨਹੀ ਰਾਜਾ" ਦੀ ਧੁਨੀ ਅਜੇ ਵੀ ਨਿਰੰਤਰ ਗੂੰਜ ਰਹੀ ਹੈ। ਇਤਿਹਾਸ ਦੇ ਵਿਦਿਆਰਥੀ ਜਦੋਂ ਵੀ ਸੱਚੇ ਧਰਮ ਦੇ ਇਸ ਕੇਂਦਰ ਦਾ ਇਤਿਹਾਸ ਗੰਭੀਰਤਾ ਨਾਲ ਪੜ੍ਹਨਗੇ, ਤਾਂ ਨਿਸ਼ਚੇ ਹੀ ਉਹ ਇਸ ਦੇ ਅਤੀਤ ਦੇ ਨਾਲ ਨਾਲ ਇਸ ਦੇ ਭਵਿੱਖ ਬਾਰੇ ਵੀ ਚੰਗੀ ਤਰ੍ਹਾਂ ਜਾਣ ਲੈਣਗੇ। ਜਦੋਂ ਜਦੋਂ ਵੀ ਮਨੁੱਖਤਾ ਰੂਪੀ ਬਾਗ ਵਿੱਚ ਲੱਖੂ, ਜ਼ਕਰੀਏ ਤੇ ਅਬਦਾਲੀ ਵਰਗੇ ਜਰਵਾਣੇ ਖੌਰੂ ਪਾਉਣਗੇ, ਇਸ ਸ਼ਕਤੀ ਦੇ ਸੋਮੇ ਵਿੱਚੋਂ ਉਹਨਾਂ ਨੂੰ ਨਕੇਲ ਪਾਉਣ ਲਈ ਬਾਬਾ ਦੀਪ ਸਿੰਘ ਤੇ ਬਾਬਾ ਫੂਲਾ ਸਿੰਘ ਵਰਗੇ ਸੂਰਮੇ ਨਿਤਰਦੇ ਰਹਿਣਗੇ। ਬੇਸ਼ੱਕ ਅਤੀਤ ਵਿਚ ਸਿਰਾਂ ਦੇ ਲੇਖੇ ਜੋਖੇ ਕਰਕੇ ਜ਼ਾਲਮ ਹਕੂਮਤਾਂ ਇਥੋਂ ਦੀ ਸ਼ਕਤੀ ਤੇ ਜਿੱਤ ਪ੍ਰਾਪਤ ਕਰ ਲੈਣ ਦੇ ਭਰਮ ਪਾਲਦੀਆਂ ਰਹੀਆਂ, ਪਰ ਅੰਮ੍ਰਿਤਸਰ ਦੀ ਧਰਤੀ ਦਾ ਚੱਪਾ ਚੱਪਾ ਇਹ ਗਵਾਹੀ ਦੇਵੇਗਾ ਕਿ ਦੁਨੀਆ ਦਾ ਕੋਈ ਵੀ ਜ਼ਬਰ-ਜ਼ੁਲਮ ਅਜੇ ਤਕ ਇਥੋਂ ਦੇ ਸਿਦਕ ਤੇ ਫ਼ਤਹਿ ਹਾਸਲ ਨਹੀਂ ਕਰ ਸਕਿਆ। ਭਵਿੱਖ ਵਿੱਚ ਵੀ ਜਦੋਂ ਕੂੜ ਕੁਸੱਤ ਦੀਆਂ ਨੀਹਾਂ ਤੇ ਉਸਰੀ ਤੇ ਜ਼ੁਲਮ ਜ਼ਬਰ ਦੇ ਹਥਿਆਰ ਤੇ ਨਿਰਭਰ ਕੋਈ ਵੀ ਹੰਕਾਰੀ ਹੋਈ ਹਕੂਮਤ, ਇਥੋਂ ਉਠਦੀ ਸੱਚ ਦੀ ਆਵਾਜ਼ ਨੂੰ ਬਗ਼ਾਵਤ ਕਹਿ ਕੇ ਦਬਾਉਣ ਲਈ ਆਪਣੇ ਨਾਪਾਕ ਪੈਰ ਇਸ ਅਸਥਾਨ ਵੱਲ ਵਧਾਏਗੀ, ਤਾਂ ਇਤਿਹਾਸ ਉਸ ਨੂੰ ਇਸ ਤਰ੍ਹਾਂ ਦੀ ਚਿਤਾਵਨੀ ਜ਼ਰੂਰ ਦੇਵੇਗਾ ਜਿਸ ਤਰ੍ਹਾਂ ਦੀ ਕਵੀ ਚਰਨ ਸਿੰਘ ਨੇ ਦਿੱਤੀ ਹੈ :

ਪੂਰਨ ਲਈ ਆਏ ਖ਼ੁਦ ਕਬਰਾਂ 'ਚ ਪੂਰੇ ਗਏ,
ਪੂਰ ਨਾ ਕਿਨਾਰਾ ਸਕੇ ਗੁਰੂ ਜੀ ਦੇ ਤਾਲ ਦਾ।
ਸਾੜ ਨਹੀਂ ਸਕਿਆ ਏ ਸੱਚ ਦੀ ਆਵਾਜ਼ ਨੂੰ,
ਤੱਤੀ ਤਵੀ ਉਤੇ ਰਿਹਾ ਜ਼ਾਲਮ ਬਿਠਾਲਦਾ।
ਬੰਦ ਬੰਦ ਕਿਸੇ ਨੇ ਕਟਾਇਆ ਏਹਦੀ ਬੰਦਗੀ 'ਚੋਂ,
ਘਾਲਣਾ ਹਰੇਕ ਸਿੱਖ ਰਿਹਾ ਏਥੇ ਘਾਲਦਾ।
ਗੁਰੂ ਘਰ ਰਾਤ ਨੂੰ ਦੀਵਾਲੀ ਨਿਤ ਜਗਦੀ ਏ,
ਜ਼ਾਲਮਾਂ ਦੀ ਮੜ੍ਹੀ ਤੇ ਕੋਈ ਦੀਵਾ ਨਹੀਂਓਂ ਬਾਲਦਾ। (ਚਰਨ ਸਿੰਘ ਸਫਰੀ)

**ਲਾਂਚ ਕਰਤਾ : ਜਸਬੀਰ ਸਿੰਘ    Mob. : 099881-60484, 62390-45985**